SATJUG
1920 ਤੋਂ ਸਾਲ 99 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ਵਰ੍ਹੇ 1977 ਬਿ. (1920 ਈ:) ਤੋਂ ਸਥਾਪਿਤ

੧੬ ਤੋਂ ੩੧ ਵੈਸਾਖ ੨੦੭੬
29 Apr. To 14 May 2019

ਜਿਲਦ 27
ਨੰਬਰ 7
Total Pages 44

ਸ੍ਰੀ ਗੁਰ ਨਾਨਕ ਪੂਰਨ ਤੇ ਗੁਰਤਾ ਗੁਰ ਅੰਗਦ ਨੈ ਜਬ ਪਾਈ॥
ਧਯਾਨ ਰਿਦੈ ਗੁਰ ਮੂਰਤਿ ਕੋ ਠਹਿਰਾਇ ਲਿਯੋ ਜਬ ਦੀਨ ਬਿਦਾਈ॥
ਬੇ ਬਸ ਹ੍ਵੈ ਬਿਛਰਯੋ ਗੁਰ ਤੇ ਅਸ਼ਟਾਂਗ ਕਰੀ ਮੁਖ ਕੌ ਰਜ ਲਾਈ॥
ਨੀਚ ਬਿਲੋਚਨ ਭੂਰ ਬਿਮੋਚਤਿ ਸੋਚਤਿ ਪ੍ਰੇਮ ਮਹਾਂ ਉਮਗਾਈ॥

(ਸ੍ਰੀ ਗੁਰ ਪ੍ਰਤਾਪ ਸੂਰਜ)

Sri Satguru Jagjit Singh Ji Elibrary NamdhariElibrary@gmail.com

ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦੇ ਸਸਕਾਰ ਸਮੇਂ ਅੰਤਮ ਰਸਮਾਂ ਨਾਮਧਾਰੀ ਜਥੇ ਵੱਲੋਂ ਗੁਰ ਮਰਿਯਾਦਾ ਅਨੁਸਾਰ ਨਿਭਾਈਆਂ ਗਈਆਂ- 15 ਅਪ੍ਰੈਲ 2019 ਪਟਿਆਲਾ

ਸਰਕਾਰੀ ਕਾਲਜ ਰੋਪੜ ਵਿੱਚ 16 ਅਪ੍ਰੈਲ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਸੰਬੰਧੀ ਇੱਕ ਵਿਸ਼ੇਸ਼ ਸੈਮੀਨਾਰ

ਸਤਿਜੁਗ

੧੬ ਤੋਂ ੩੧ ਵੈਸਾਖ ੨੦੭੫-੭੬ ਬ੍ਰਿ.
29 ਅਪ੍ਰੈਲ ਤੋਂ 14 ਮਈ 2019 ਈ:
ਜਿਲਦ 27, ਵੀਰਵਾਰ ਨੰਬਰ 7

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.

Date of Publication: 1-5-2019,
Date of Posting: 2-3 May 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ Usd ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ Usd ਡਾਲਰ

Designed and Typeset
Vishav Namdhari sangat, Sri Bhaini sahib
satjug@sribhainisahib.com

ਪੁੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

ਤਤਕਰਾ

* ਸੰਪਾਦਕੀ-- ਧਰਮ ਤੇ ਰਾਜਨੀਤੀ
ਹਰਪਾਲ ਸਿੰਘ ਸੇਵਕ.....4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ.....7

* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 7

* ਏਹ ਕਿਨੇਹੀ ਆਸਕੀ
ਸੰਤੋਖ ਸਿੰਘ ਧੀਰ 8

* ਅਜ਼ੀਮ ਸ਼ਹੀਦੀ ਤਿੱਕੜੀ
ਡਾ. ਗੁਰਦੇਵ ਸਿਮਘ ਸਿੱਧੂ 10

* ਵਿਸਾਖੀ ਦੀ ਦੇਣ- ਆਜ਼ਾਦੀ
ਸਵਿੰਦਰ ਸਿੰਘ ਲੁਧਿਆਣਾ 12

* ਭੁੰਜੇ ਦਾਣੇ ਬੀਜੋ
ਮਾ. ਨਿਹਾਲ ਸਿੰਘ 15

* ਆਪਣੇ ਬੇਟੇ ਦੇ ਨਾਮ ਅਬਰਾਹਿਮ ਲਿੰਕਨ ਦੇ ਨਾਮ ਖਤ 17

* ਬਚਣਾ ਹੈ ਤਾਂ ਸ਼ਾਕਾਹਾਰੀ ਬਣੋ
ਵਿਜੈ 18

* *A Saga Of Sri Satguru Jagjit Singh ji*
Dr. Sharada Jayagovind.....20

* *The 1872 origin of the 1919 incident (part-2)*
A.S. Panesar 21

* ਕਾਵਿ ਕਿਆਰੀ 30

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਵਰਤੀ.....32

* ਸੁੱਚੇ ਮੋਤੀ 34

* ਬੱਚਿਆਂ ਦਾ ਪੰਨਾ.....35

* ਸ਼ਬਦਨਾਮਾ.....46

Sri Satguru Jagjit Singh Ji Elibrary NamdhariElibrary@gmail.com



ਕਲਿਜੁਗ ਮੈਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਧਰਮ ਤੇ ਰਾਜਨੀਤੀ

ਸਿਰਲੇਖ ਦੇ ਦੋ ਅਰਥ ਹਨ- ਪਹਿਲਾ ਹੈ 'ਧਰਮ ਅਤੇ ਰਾਜਨੀਤੀ।' ਦੂਸਰਾ ਹੈ 'ਧਰਮ ਤੇ ਰਾਜਨੀਤੀ' ਭਾਵ ਧਰਮ ਦੇ ਨਾਮ ਤੇ ਰਾਜਨੀਤੀ। ਇਨ੍ਹਾਂ ਦੋਹਾਂ ਅਰਥਾਂ ਬਾਰੇ ਪਾਠਕਾਂ ਨਾਲ ਵਿਚਾਰ ਸਾਂਝੇ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਧਰਮ ਦਾ ਭਾਵ ਹੈ ਨੇਕੀ, ਪਰਉਪਕਾਰ, ਲੋਕ ਕਲਿਆਣ ਅਤੇ ਸੱਚਾਈ ਪ੍ਰਤੀ ਵਚਨ ਬੱਧਤਾ। 'ਧਰਮ ਸਰਬ ਸੁਖ ਖਾਨ, ਧਰਮ ਸਭ ਕੋ ਹਿਤਕਾਰੀ' ਜੋ ਸਭ ਲਈ ਹਿਤਕਾਰੀ ਨਹੀਂ ਉਹ ਧਰਮ ਨਹੀਂ। ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਬੜੇ ਸਰਲ ਤੇ ਸਪਸ਼ਟ ਅਰਥ ਕੀਤੇ। 'ਕਿਰਤ ਕਰਨੀ, ਨਾਮ ਜੱਪਣਾ ਅਤੇ ਵੰਡ ਕੇ ਛਕਣਾ।' ਗੁਰੂ ਅਰਜਨ ਦੇਵ ਜੀ ਨੇ ਵੀ ਸਭ ਤੋਂ ਉੱਤਮ ਧਰਮ ਕਿਹਾ ਹੈ, ਪ੍ਰਭੂ ਦੀ ਭਗਤੀ ਕਰਨੀ ਅਤੇ ਨਿਰਮਲ ਕਰਮ ਕਰਨੇ-

ਸਰਬ ਧਰਮ ਮਹਿ ਸ੍ਰੇਸਟ ਧਰਮ,
ਹਰਿ ਕੋ ਨਾਮ ਜਪੁ ਨਿਰਮਲ ਕਰਮ॥

ਨਿਰਮਲ ਕਰਮ ਭਾਵ ਜਿਨਾਂ ਵਿਚ ਛਲ-ਕਪਟ ਨਹੀਂ, ਕਠੋਰਤਾ ਨਹੀਂ, ਸਵਾਰਥ ਅਤੇ ਲੋਭ ਨਹੀਂ, ਵਿਕਾਰਾਂ ਦੀ ਮੈਲ ਨਹੀਂ ਸਗੋਂ ਨਿਰਮਲ ਜਲ ਅਤੇ ਪਾਰਦਰਸੀ ਸ਼ੀਸ਼ੇ ਵਾਂਗ ਸੱਚ ਤੇ ਅਧਾਰਤ ਨਿਰਮਲ, ਨਿਰਵੈਰ, ਖੁਦਗਰਜੀਆਂ ਤੋਂ ਲਾਂਭੇ, ਦਿਖਲਾਵਿਆਂ ਤੋਂ ਰਹਿਤ, ਸ਼ੁਭ ਕਰਮ ਹੀ ਧਰਮ ਦਾ ਸਾਰ ਹੈ। ਗੁਰੂ ਸਾਹਿਬ ਆਦਿ ਜੁਗਾਦੀ ਸੱਚ ਨੂੰ ਹੀ ਸਦੀਵੀ ਧਰਮ ਆਖਦੇ ਹਨ। ਗੁਰਮਤਿ ਵਿਚ ਕੇਵਲ ਸਿਧਾਂਤ ਜਾਂ ਫਲਸਫੇ ਦਾ ਨਾਮ ਹੀ ਧਰਮ ਨਹੀਂ ਸਗੋਂ ਸੱਚ ਅਧਾਰਤ ਵਿਵਹਾਰਕ ਫਲਸਫਾ ਹੀ ਧਰਮ ਹੈ।

ਸਚਹੁ ਓਰੈ ਸਭੁ ਕੋ ਉਪਰਿ ਸਭੁ ਆਚਾਰੁ॥

ਸਭ ਕੁਝ ਸੱਚ ਤੋਂ ਉਰੇ ਹੈ, ਪਿਛੇ ਹੈ ਪਰ ਸਚੁ ਤੋਂ ਵੀ ਕੁਝ ਅੱਗੇ ਹੈ ਤਾਂ ਉਹ ਹੈ ਸੱਚ ਅਧਾਰਤ ਜੀਵਨ-ਆਚਰਨ ਹੈ। ਇਸੇ 'ਸਚ ਆਚਾਰੁ' ਦੇ ਸਿਧਾਂਤ ਤੇ ਪ੍ਰਤੀਬੱਧਤਾ ਲਈ ਸਿੱਖ ਗੁਰੂ-ਸਾਹਿਬਾਨ ਨੇ ਕਠਿਨ ਘਾਲਨਾ ਘਾਲੀਆਂ ਅਤੇ ਮਹਾਨ ਕੀਰਤੀਮਾਨ ਸਥਾਪਿਤ ਕੀਤੇ।

ਧਰਮ ਦਾ ਅਰਥ- 'ਪਵਿੱਤਰ ਫਰਜ਼' ਵੀ ਹੈ, ਜਿਵੇਂ ਮਾਤਾ-ਪਿਤਾ ਦਾ ਧਰਮ ਹੈ ਬੱਚਿਆਂ ਦੀ ਪਾਲਨਾ ਕਰਨੀ, ਉਹਨਾਂ ਨੂੰ ਚੰਗੇ ਸੰਸਕਾਰ ਦੇਣੇ ਅਤੇ ਬੱਚਿਆਂ ਦਾ ਧਰਮ ਹੈ ਮਾਪਿਆਂ ਦਾ ਹੁਕਮ ਮੰਨਣਾ ਅਤੇ ਉਨ੍ਹਾਂ ਦੀ ਸੇਵਾ ਕਰਨੀ, ਸਤਿਕਾਰ ਕਰਨਾ। ਮਹਾਰਾਜਾ ਦਸਰਥ ਨੇ ਆਪਣੀ ਪਤਨੀ ਨੂੰ ਵਚਨ ਦਿਤਾ ਹੋਇਆ ਸੀ। ਉਸ ਵਚਨ ਦੇ ਬੰਧੇ ਮਹਾਰਾਜੇ ਨੇ ਆਪਣੇ ਸਭ ਤੋਂ ਪਿਆਰੇ ਪੁੱਤਰ ਰਾਮ ਨੂੰ ਬਨਵਾਸ ਦੇ ਦਿੱਤਾ। ਪਰ ਆਪਣੇ ਪੁੱਤਰ ਹੋਣ ਦੇ ਧਰਮ ਨੂੰ ਨਿਭਾਉਂਦਿਆਂ, ਰਾਜਕੁਮਾਰ ਰਾਮ ਨੇ ਬਨਵਾਸ ਨੂੰ ਉਸੇ ਖੁਸ਼ੀ ਨਾਲ ਪਰਵਾਨ ਕੀਤਾ, ਜਿਸ ਖੁਸ਼ੀ ਨਾਲ ਰਾਜ-ਤਿਲਕ ਪ੍ਰਵਾਨ ਕਰਨਾ ਸੀ ਤਾਂ ਉਹ ਰਾਜ ਕੁਮਾਰ ਜਾਂ ਜਗ੍ਹਾ ਭਗਵਾਨ ਕਰਕੇ ਪੂਜੇ ਗਏ-

'ਰਘੁਕੁਲ ਰੀਤ ਇਹੈ ਚਲ ਆਈ, ਪ੍ਰਾਣ ਜਾਇ ਪਰ ਵਚਨ ਨ ਜਾਈ॥'

Sri Satguru Jagjit Singh Ji Elibrary NamdhariElibrary@gmail.com

ਧਰਮ ਇਸੇ ਦਾ ਨਾਮ ਹੈ ਕਿ ਆਪਣੇ ਆਦਰਸ਼ ਨੂੰ, ਆਪਣੇ ਫਰਜ਼ ਨੂੰ ਤਿਆਗ ਕੇ ਤਖਤ ਮਿਲਦਾ ਹੋਵੇ, ਰਾਜ ਭਾਗ ਮਿਲੇ ਪਰ ਆਪਣੇ ਉੱਚ ਆਦਰਸ਼ਾਂ ਦੇ ਪਹਿਰਾ ਦੇਂਦਿਆਂ 'ਤਖਤਾ, ਪਰਵਾਨ ਕੀਤਾ ਜਾਵੇ। ਅਜਿਹੇ ਧਰਮੀ ਮਹਾਂਪੁਰਖਾਂ ਨੂੰ ਹੀ ਲੋਕਾਂ ਨੇ ਭਗਵਾਨ ਜਾਣ ਕੇ ਅਤੇ ਸੱਚਾ ਪਾਤਸ਼ਾਹ ਆਖ ਕੇ ਪੂਜਿਆ।

ਧਰਮ-ਮਾਰਗ ਦੇ ਰਾਹ ਦਸੇਰੇ ਉਹੀ ਮਹਾਂਪੁਰਖ, ਸਤਿਗੁਰੂ ਹੋਏ ਹਨ, ਉਨ੍ਹਾਂ ਨੇ ਹੀ ਲੋਕਾਈ ਨੂੰ ਸਦ-ਮਾਰਗ ਤੇ ਚੱਲਣ ਲਈ ਪ੍ਰੇਰਿਆ ਜੋ ਆਪ ਸੱਤ ਸਰੂਪ ਪ੍ਰਮੇਸ਼ਰ ਨਾਲ ਅਭੇਦ ਸਨ, ਜਿਨ੍ਹਾਂ ਦੇ ਹਿਰਦੇ ਵਿਚ ਸੱਚ ਸੀ-

ਜਿਸ ਦੈ ਅੰਦਰਿ ਸਚੁ ਹੈ ਜੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥

ਅਜੇਹੇ ਮਹਾਂਪੁਰਸ਼ਾਂ, ਗੁਰੂਆਂ ਪੀਰਾਂ ਨੂੰ ਧਰਮ ਦੀ ਸਥਾਪਨਾ ਲਈ ਅਨੇਕਾਂ ਕਸ਼ਟ ਵੀ ਸਹਿਣੇ ਪਏ, ਆਪਾ ਕੁਰਬਾਨ ਕਰਨਾ ਪਿਆ, ਯੁੱਧ ਕਰਨੇ ਪਏ ਪਰ ਉਨ੍ਹਾਂ ਨੇ ਯੁੱਧ ਲਈ ਵੀ 'ਧਰਮ-ਯੁੱਧ, ਦੇ ਨਿਯਮ ਬਣਾਏ। ਜਿਵੇਂ ਨਿਹੱਥੇ ਤੇ ਵਾਰ ਨਹੀਂ ਕਰਨਾ, ਦੁਸ਼ਮਣ ਦੀ ਵੀ ਔਰਤ ਜਾਂ ਬੱਚੇ ਤੇ ਵਾਰ ਨਹੀਂ ਕਰਨਾ, ਸਰਨ ਪੈਣ ਤੇ ਮਾਫ ਕਰ ਦੇਣਾ। ਇਕ ਵੇਰ ਕੁੱਝ ਸਿੰਘਾਂ ਨੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਮੁਗਲ ਸਾਡੀਆਂ ਔਰਤਾਂ ਅਤੇ ਬੱਚਿਆਂ ਦਾ ਵੀ ਲਿਹਾਜ ਨਹੀਂ ਕਰਦੇ, ਉਨਾਂ ਨੂੰ ਵੀ ਕਤਲ ਕਰ ਦੇਂਦੇ ਹਨ। ਅਸੀਂ ਵੀ ਉਨ੍ਹਾਂ ਦੇ ਪ੍ਰਵਾਰ ਖਤਮ ਕਰੀਏ, ਫੇਰ ਏਨਾਂ ਨੂੰ ਸਮਝ ਆਏਗੀ, ਏਨਾਂ ਦੇ ਕੀਤੇ ਦੀ ਏਸੇ ਤਰ੍ਹਾਂ ਸਜਾ ਦੇਣੀ ਚਾਹੀਦੀ ਹੈ। ਪਰ ਗੁਰੂ ਸਾਹਿਬ ਨੇ ਫੁਰਮਾਇਆ ਫੇਰ ਉਨ੍ਹਾਂ ਵਿਚ ਤੇ ਸਾਡੇ ਵਿਚ ਕੀ ਫਰਕ ਹੋਇਆ? ਸਾਡੀ ਲੜਾਈ ਕੋਈ ਰਾਜ ਭਾਗ ਲੈਣਾ ਨਹੀਂ ਸਗੋਂ ਧਰਮ ਦੇ ਉੱਚ ਆਦਰਸ਼ਾਂ ਦੀ ਸਥਾਪਨਾ ਕਰਨਾ ਹੈ। 'ਹਮ ਲੇ ਜਾਵਹੋਂ ਪੰਥ ਉਚੇਰੇ।' ਅਸੀਂ ਪੰਥ ਨੂੰ ਇਕ ਚਾਨਣ ਮੁਨਾਰਾ ਬਨਾਉਣਾ ਚਾਹੁੰਦੇ ਹਾਂ। ਜਿਸ ਦੀ ਬਹਾਦਰੀ ਤੇ ਦੁਸ਼ਮਣ ਵੀ ਅੱਸ਼-ਅੱਸ਼ ਕਰੇ, ਜਿਸ ਦੇ ਗੁਣਾਂ ਦੀ ਦੁਸ਼ਮਣ ਵੀ ਸੋਭਾ ਕਰੇ। ਵਿਸ਼ਵ-ਯੁੱਧਾਂ ਦੇ ਇਤਿਹਾਸ ਵਿਚ ਸ਼ਾਇਦ ਐਸੀ ਮਿਸਾਲ ਹੋਰ ਕਿਤੋਂ ਨਾ ਮਿਲੇ ਕਿ ਭਾਈ ਘਨ੍ਹਈਆ ਜੀ ਜੰਗੇ ਮੈਦਾਨ ਵਿਚ ਬਿਨਾਂ ਕਿਸੇ ਭੇਦ ਭਾਵ ਦੇ ਘਾਇਲ ਸਿੰਘਾਂ ਅਤੇ ਮੁਗਲਾਂ ਦੋਹਾਂ ਨੂੰ ਪਾਣੀ ਪਿਆਉਂਦੇ ਹਨ, ਗੁਰੂ ਸਾਹਿਬ ਪਾਸ ਸ਼ਿਕਾਇਤ ਹੁੰਦੀ ਹੈ ਕਿ ਭਾਈ ਘਨ੍ਹਈਆ ਥੱਕ ਹਾਰ ਕੇ ਡਿੱਗੇ ਦੁਸ਼ਮਣਾ ਨੂੰ ਵੀ ਪਾਣੀ ਪਿਆਉਂਦਾ ਹੈ, ਉਹ ਫੇਰ ਉਠ ਕੇ ਸਾਡੇ ਨਾਲ ਲੜਨ ਲਗਦੇ ਹਨ- ਪਰ ਉਹ ਸਤਿਗੁਰੂ ਜਿਸਦਾ ਜੀਵਨ ਮੰਤਵ ਹੀ-

'ਧਰਮ ਚਲਾਵਨ ਸੰਤ ਉਭਾਰਨ' ਹੈ, ਭਾਈ ਜੀ ਨੂੰ ਮਲਮ ਦੀ ਡੱਬੀ ਦੇ ਕੇ ਹੁਕਮ ਕਰਦੇ ਹਨ- ਸ਼ਾਬਾਸ਼, ਹੁਣ ਪਾਣੀ ਪਿਲਾ ਕੇ, ਬਿਨਾਂ ਕਿਸੇ ਭੇਦ ਭਾਵ ਦੇ ਜ਼ਖਮੀਆਂ ਦੀ ਮਲਮ ਪੱਟੀ ਵੀ ਕਰਿਆ ਕਰ। ਇਹੋ ਹੈ ਧਰਮ ਦਾ ਸਾਰ- ਨਿਰਵੈਰ ਅਤੇ ਪਰ-ਉਪਕਾਰੀ ਹੋਣਾ।

ਮੇਰੇ ਵਿਸ਼ੇ ਦਾ ਦੂਸਰਾ ਪਹਿਲੂ ਹੈ- 'ਰਾਜਨੀਤੀ' ਜਿਸਦਾ ਭਾਵ ਬੜਾ ਸਰਲ ਤੇ ਸਪਸ਼ਟ ਹੈ- 'ਰਾਜ ਕਰਨ ਦੀ ਨੀਤੀ।' ਸਾਮ, ਦਾਮ, ਦੰਡ, ਭੇਦ, ਭਾਵ ਹਰ ਹੀਲੇ ਆਪਣੀ ਪ੍ਰਭੂਸੱਤਾ ਕਾਇਮ ਰੱਖਣੀ ਜਾਂ ਛਲ-ਕਪਟ ਨਾਲ ਕਿਸੇ ਵੀ ਹੀਲੇ ਰਾਜ ਸੱਤਾ ਤੇ ਕਾਬਜ ਹੋਣਾ। ਵਿਸ਼ਵ ਇਤਿਹਾਸ ਵਿਚ ਜਿਨ੍ਹਾਂ ਰਾਜਿਆਂ ਨੇ ਵਿਸ਼ਵ ਜੇਤੂ ਬਨਣ ਲਈ ਜਿਸ ਤਲਵਾਰ ਦੇ ਜ਼ੋਰ ਤੇ ਵੱਡੀਆਂ ਸਲਤਨਤਾਂ ਕਾਇਮ ਕੀਤੀਆਂ ਉਸੇ ਤਲਵਾਰ ਨਾਲ ਉਹ ਬਾਦਸ਼ਾਹੀਆਂ ਦਫਨ ਹੋ ਗਈਆਂ। ਰਾਜਨੀਤਿਕ ਉਦੇਸ਼ਾਂ ਦੀ ਪੂਰਤੀ ਲਈ ਆਪਣੇ ਸਕਿਆਂ ਨੂੰ ਮਾਰ ਕੇ, ਕੈਦ ਕਰਕੇ, ਆਪਣੇ ਲੋਕਾਂ ਦਾ ਸ਼ੋਸ਼ਣ ਕਰਕੇ ਰਾਜ-ਸੱਤਾ ਹਥਿਆਉਣ ਦੀਆਂ ਮਿਸਾਲਾਂ ਨਾਲ ਇਤਿਹਾਸ ਭਰਿਆ ਪਿਆ ਹੈ। ਇਸ ਦੇ ਉਲਟ ਧਰਮੀਂ ਪੁਰਸ਼ਾਂ ਨੂੰ ਸੇਵਾ, ਸਮਰਪਣ, ਤਿਆਗ ਅਤੇ ਕੁਰਬਾਨੀ ਕਰਕੇ ਸੱਚੀ-ਪਾਤਸ਼ਾਹੀ ਪ੍ਰਾਪਤ ਹੋਈ। ਰਾਜਨੀਤੀ ਨੇ ਜਮੀਨ ਤੇ ਰਾਜ ਕੀਤਾ ਅਤੇ ਸੱਚੀ ਪਾਤਸ਼ਾਹੀ ਨੇ ਦਿਲਾਂ ਤੇ ਰਾਜ ਕੀਤਾ ਜਿਸਦੀਆਂ ਕੋਈ ਸੀਮਾਵਾਂ ਨਹੀਂ, ਨਾ ਧਰਤੀ ਤੇ ਅਤੇ ਨਾ ਹੀ ਸਮੇਂ ਦੀ ਸੀਮਾਂ ਹੈ ਸੱਚੀ ਪਾਤਸ਼ਾਹੀ ਦੇ ਰਾਜ ਭਾਗ ਦੀ। ਵਕਤ ਦੇ ਹਾਕਮ ਬਾਬਰ ਅਤੇ ਔਰੰਗਜ਼ੇਬ ਦਾ ਰਾਜ ਭਾਗ ਕੇਵਲ ਇਤਿਹਾਸ ਦੇ ਪੰਨਿਆਂ ਤੇ ਹੈ ਪਰ ਸੱਚੇ-ਪਾਤਸ਼ਾਹ ਗੁਰੂ ਨਾਨਕ ਦੇਵ ਜਿਨ੍ਹਾਂ ਨੂੰ ਬਾਬਰ ਨੇ ਕੈਦ ਕਰ ਲਿਆ ਸੀ ਅਤੇ ਗੁਰੂ ਤੇਗ ਬਹਾਦੁਰ ਜਿਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੀ ਸੱਚੀ ਪਾਤਸ਼ਾਹੀ ਸਦੀਵੀ ਕਾਇਮ ਹੈ, ਅੱਜ ਵੀ ਕਰੋੜਾਂ ਲੋਕ ਉਨ੍ਹਾਂ ਨੂੰ ਸੱਚਾ-ਪਾਤਸ਼ਾਹ ਕਹਿ ਕੇ ਪੂਜਦੇ ਹਨ ਉਨ੍ਹਾਂ ਨੇ ਨਾਮ ਤੇ ਸੈਂਕੜੇ-ਲੰਗਰ ਚਲਦੇ ਹਨ। ਅਜੇਹੀਆਂ ਅਨੇਕਾਂ ਮਿਸਾਲਾਂ ਦੇ ਹੁੰਦਿਆਂ ਵੀ ਸਾਡੇ ਰਾਜ ਨੇਤਾ ਰਾਜਨੀਤਿਕ ਸੋਚ ਤੇ ਚਲਦਿਆਂ, ਰਾਜ-ਸੱਤਾ ਪ੍ਰਾਪਤੀ ਲਈ ਹਰ ਅਨੈਤਿਕ ਢੰਗ ਵਰਤਦੇ ਹਨ।

ਇਹ ਸੰਜੋਗ ਹੀ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਉਸ ਸਮੇਂ ਹੋ ਰਹੀਆਂ ਹਨ ਜਦੋਂ ਕਿਸਾਨ ਛੇ ਮਹੀਨਿਆਂ ਦੀ ਮੇਹਨਤ, ਹਾੜੀ ਦੀ ਫਸਲ ਸਾਂਭ ਰਿਹਾ ਹੈ। ਕਿਸਾਨਾਂ ਨੂੰ ਛੇ ਮਹੀਨੇ ਮੇਹਨਤ ਕਰਕੇ ਆਖਰੀ ਮਹੀਨੇ ਉਸ ਮੇਹਨਤ ਦਾ ਫਲ ਪ੍ਰਾਪਤ ਹੁੰਦਾ ਹੈ। ਪਰ ਸਾਡੇ ਰਾਜਨੇਤਾ ਦੋ ਮਹੀਨੇ ਚੋਣ ਪ੍ਰਚਾਰ ਦੀ ਮੇਹਨਤ ਦਾ ਫਲ ਪੰਜ ਸਾਲ ਪ੍ਰਾਪਤ ਕਰਦੇ ਹਨ। ਅਜੇ ਤੱਕ ਭਾਰਤ ਵਿਚ

Sri Satguru Jagjit Singh Ji Elibrary NamdhariElibrary@gmail.com

ਲੋਕਤੰਤਰ, ਦੇਸ਼ ਲਈ ਕਲਿਆਣ ਕਾਰੀ ਸਾਬਤ ਨਹੀਂ ਹੋ ਸੱਕਿਆ। ਕਾਰਣ ਸ਼ਾਇਦ ਇਹ ਹੈ ਕਿ ਅਸੀਂ ਕਈ ਸਦੀਆਂ ਗੁਲਾਮ ਰਹੇ। ਪਹਿਲੋਂ ਵਿਦੇਸ਼ੀ ਮੁਗਲਾਂ ਦੇ ਅਤੇ ਫੇਰ ਕਪਟੀ ਬਰਤਾਨਵੀ ਹਾਕਮਾਂ ਦੇ। ਬਰਤਾਨਵੀ ਹਾਕਮ ਬਹੁਤ ਸਿਆਣੇ ਸ਼ੈਤਾਨ ਸਨ- ਉਨ੍ਹਾਂ ਨੇ ਸਾਨੂੰ ਭਾਰਤੀਆਂ ਨੂੰ ਧਰਮ ਅਤੇ ਜਾਤ ਦੇ ਨਾਮ ਤੇ ਆਪਸ ਵਿਚ ਦੂਰ-ਦੂਰ ਕਰਕੇ 'ਪਾੜੋ ਅਤੇ ਰਾਜ ਕਰੋ' ਦੀ ਕੁਟਲਨੀਤੀ ਨਾਲ ਸਾਡੇ ਤੇ ਰਾਜ ਕੀਤਾ। ਸ਼ਾਇਦ ਇਹੋ ਕਪਟ ਨੀਤੀ ਸਾਡੇ ਆਜ਼ਾਦ ਭਾਰਤ ਦੇ ਰਾਜ ਨੇਤਾਵਾਂ ਨੂੰ ਬਹੁਤ ਪਸੰਦ ਆਈ ਅਤੇ ਅਜੇ ਤੱਕ ਵੀ ਭਾਰਤੀ ਰਾਜਨੀਤੀ ਏਸੇ ਧੁਰੇ ਦੁਆਲੇ ਘੁੰਮ ਰਹੀ ਹੈ। ਨਿੰਦਨ ਸਲਾਹੁਣ ਵਾਲਾ ਕੋਈ ਵੀ ਨਹੀਂ। ਕੋਈ ਪਾਰਟੀ ਜਾਤੀ ਦੇ ਆਧਾਰ ਤੇ ਵੰਡ ਕੇ ਅਤੇ ਕੋਈ ਧਰਮ ਨੇ ਨਾਮ ਤੇ ਵੰਡ ਕੇ ਆਪਣਾ ਵੋਟ ਬੈਂਕ ਮਜ਼ਬੂਤ ਕਰਨ ਦੇ ਯਤਨ ਕਰਦੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਪ੍ਰਵਚਨਾਂ ਵਿਚ ਰਿਕਾਰਡ ਹੈ ਕਿ ਵੋਟਾਂ ਦੇ ਦਿਨਾਂ ਵਿਚ ਸਾਡੇ ਰਾਜਨੇਤਾ ਵੋਟਾਂ ਮੰਗਨ ਬਿਲਕੁਲ ਘਰੋ-ਘਰੀ ਨਾ ਜਾਣ ਅਤੇ ਰਾਜ ਸੱਤਾ ਪ੍ਰਾਪਤ ਕਰਨ ਤੋਂ ਬਾਅਦ ਲੋਕਾਂ ਨੂੰ ਉਨ੍ਹਾਂ ਦੇ ਮਗਰ-ਮਗਰ ਨਾ ਫਿਰਨਾ ਪਵੇ। ਸਾਡੇ ਨੇਤਾ ਆਪ ਲੋਕਾਂ ਤੱਕ ਪਹੁੰਚ ਕਰਨ, ਉਨ੍ਹਾਂ ਦੀਆਂ ਤਕਲੀਫਾਂ ਸੁਨਣ ਅਤੇ ਮਸਲੇ ਹੱਲ ਕਰਨ। ਸਤਿਗੁਰੂ ਜੀ ਇਹ ਵੀ ਫੁਰਮਾਇਆ ਕਰਦੇ ਸਨ ਕਿ ਦੇਸ਼ ਵਿਚ ਕੋਈ ਨੰਗਾ, ਭੁੱਖਾ ਨਾ ਰਹੇ, ਗਊ-ਗਰੀਬ ਦੀ ਰੱਖਿਆ ਅਤੇ ਸੇਵਾ ਹੋਵੇ। ਇਹੋ ਸਾਡਾ ਧਰਮ ਹੈ, ਇਹੋ ਸਾਡੀ ਰਾਜਨੀਤੀ ਹੈ। ਇਕ ਵੇਰ ਸ. ਬੂਟਾ ਸਿੰਘ ਜਦੋਂ ਕੇਂਦਰੀ ਮੰਤਰੀ ਬਨਣ ਉਪਰੰਤ ਆਸ਼ੀਰਵਾਦ ਲੈਣ ਆਏ। ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਨਾਲ ਬਚਨ ਬਿਲਾਸ ਕਰਦਿਆਂ ਫਰਮਾਇਆ ਸੀ- 'ਜੇ ਕਿਸੇ ਵੇਲੇ ਤੁਹਾਡੇ ਕੋਲ ਤੁਹਾਡੇ ਵਿਰੋਧੀ ਦਾ ਮਸਲਾ ਆ ਜਾਵੇ। ਉਸ ਬਾਰੇ ਆਪਣਾ ਫੈਸਲਾ ਦੇਣ ਤੋਂ ਪਹਿਲਾਂ ਤੁਸੀਂ ਉਸ ਵਿਅਕਤੀ ਪ੍ਰਤੀ ਵਿਰੋਧਤਾ ਭਾਵ ਨੂੰ ਆਪਣੇ ਦਿਲ ਚੋਂ ਕੱਢ ਕੇ ਇਕ ਪਾਸੇ ਰੱਖ ਦਿਉ ਫੇਰ ਉਸ ਮਸਲੇ ਬਾਰੇ ਫੈਸਲਾ ਦਿਉ ਤਾਂ ਤੁਸੀਂ ਆਪਣੇ ਅਹੁਦੇ ਨਾਲ ਨਿਆਂ ਕਰ ਸੱਕੋਗੇ। ਕੇਡਾ ਚੰਗਾ ਹੋਵੇ ਜੇ ਸਾਡੇ ਰਾਜ ਨੇਤਾ ਛਲ-ਕਪਟ ਅਤੇ ਸਵਾਰਥੀ ਨੀਤੀ ਨੂੰ ਤਿਆਗ ਕੇ ਧਰਮ-ਨੀਤੀ ਨੂੰ ਅਪਨਾਉਣ।

ਭਾਰਤ ਆਜ਼ਾਦ ਹੋਣ ਤੋਂ ਬਾਅਦ ਗਦਰ ਪਾਰਟੀ ਦੇ ਬਾਨੀ ਪ੍ਰਧਾਨ ਪ੍ਰਸਿੱਧ ਆਜ਼ਾਦੀ ਘੁਲਾਟੀਏ ਬਾਬਾ ਸੋਹਣ ਸਿੰਘ ਭਕਨਾ ਨੇ ਆਖਿਆ ਸੀ-

"ਇਹ ਆਜ਼ਾਦੀ ਅਧੂਰੀ ਹੈ, ਆਜ਼ਾਦੀ ਸੀ ਜਿਹੜੀ ਸਤਿਗੁਰੂ ਰਾਮ ਸਿੰਘ ਕਾਇਮ ਕਰਦੇ ਸਨ, ਜਿਨ੍ਹਾਂ ਨੇ ਨਿਰਲੋਭ ਅਤੇ ਨਿਰਮੋਹ ਕਰ ਦਿੱਤਾ ਸੀ- ਝੂਠ-ਫਰੇਬ ਕੱਢ ਦਿੱਤਾ ਸੀ। ਜਿਨ੍ਹਾਂ ਚਿਰ ਸਾਡੇ ਰਾਜ ਨੇਤਾ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਾਏ ਮਾਰਗ ਤੇ ਨਹੀਂ ਚੱਲਦੇ ਉਨ੍ਹਾਂ ਚਿਰ ਸਾਡੀ ਅਜ਼ਾਦੀ ਅਧੂਰੀ ਹੈ ਅਤੇ ਡਾਵਾਂਡੋਲ ਹੈ। "

ਸਤਿਗੁਰੂ ਕਿਰਪਾ ਕਰਨ ! ਸਾਡੇ ਭਾਰਤ ਵਰਸ਼ ਨੂੰ ਅਜੇਹੇ ਨੇਤਾ ਮਿਲਨ ਜੋ ਬਿਨਾਂ ਕਿਸੇ ਭੇਦ-ਭਾਵ ਦੇ ਹਰ ਧਰਮ ਅਤੇ ਜਾਤੀ ਦੇ ਲੋਕਾਂ ਨੂੰ ਕੇਵਲ ਭਾਰਤਵਾਸੀ ਸਮਝਣ ਅਤੇ ਦੇਸ਼ ਚੋਂ ਗਰੀਬੀ, ਧੜੇ ਬੰਦੀ ਦੂਰ ਹੋਵੇ। ਬੁੱਚੜ ਖਾਨੇ ਬੰਦ ਹੋਣ। ਕੇਵਲ ਮਨੁੱਖਾਂ ਨੂੰ ਹੀ ਨਹੀਂ, ਭਾਰਤ ਦੇ ਵਾਸੀ ਜੀਵ-ਜੰਤੂਆਂ ਅਤੇ ਪਸ਼ੂਆਂ ਪੰਛੀਆਂ ਨੂੰ ਵੀ ਨਿਆਂ ਮਿਲੇ ਉਹ ਵੀ ਆਜ਼ਾਦੀ ਦਾ ਅਨੰਦ ਮਾਨਣ। ਭਾਰਤ ਦਾ ਸਰਬ ਪੱਖੀ ਵਿਕਾਸ ਹੋਵੇ। ਹੱਸਦਾ, ਖੇਡਦਾ, ਖੁਸ਼ੀਆਂ ਮਾਣਦਾ ਭਾਰਤ ਵਰਸ਼ ਵਿਸ਼ਵ ਸ਼ਾਂਤੀ ਸਥਾਪਤ ਕਰਨ ਲਈ ਵਿਸ਼ਵ ਦਾ ਮਾਰਗ ਦਰਸ਼ਕ ਬਣ ਸੱਕੇ। ਸਰਬੱਤ ਦੇ ਭਲੇ ਦਾ ਸੰਕਲਪ ਸਾਕਾਰ ਹੋਵੇ।

ਪਾਠਕਾਂ ਨਾਲ ਇਕ ਹੋਰ ਜਰੂਰੀ ਸੂਚਨਾ ਸਾਂਝੀ ਕਰਦਾ ਹਾਂ ਕਿ ਪੰਜਾਬੀ ਸਾਹਿਤ ਜਗਤ ਦੇ ਸਰਘੀ ਤੇ ਤਾਰੇ ਸਾਹਿਤ-ਰਤਨ ਪ੍ਰੋ,ਕਿਰਪਾਲ ਸਿੰਘ ਜੀ ਕਸੇਲ 14 ਅਪ੍ਰੈਲ 2019 ਨੂੰ ਆਪਣੀ ਜੀਵਨ ਯਾਤਰਾ ਬੜੀ ਸਫਲਤਾ ਨਾਲ ਪੂਰੀ ਕਰਕੇ ਸੰਪੂਰਨ ਹੋ ਗਏ ਹਨ। ਪੰਜਾਬੀ ਸਾਹਿਤ ਜਗਤ ਵਿਚ ਪ੍ਰੋ. ਕਸੇਲ ਜੀ ਆਪਣੀ ਮਿਸਾਲ ਆਪ ਹੀ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਸਨ ਪ੍ਰੋ. ਕਸੇਲ ਜੀ। ਵਾਰਤਕ ਰੂਪ ਵਿਚ ਅਤੇ ਕਾਵਿਕ ਰੂਪ ਵਿਚ ਜੋ ਨਾਮਧਾਰੀ ਇਤਿਹਾਸ ਲਿਖਣ ਦੀ ਸੇਵਾ ਕਸੇਲ ਜੀ ਨੇ ਕੀਤੀ ਉਸ ਲਈ ਆਪ ਕੇਵਲ ਸਤਿਕਾਰਯੋਗ ਹੀ ਨਹੀਂ ਧੰਨਤਾ-ਯੋਗ ਹਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਕਸੇਲ ਜੀ ਦੀ ਅੰਤਿਮ ਰਸਮਾਂ ਗੁਰ-ਮਰਿਯਾਦਾ ਅਨੁਸਾਰ ਨਾਮਧਾਰੀ ਸੰਗਤ ਵੱਲੋਂ ਪੂਰੀਆਂ ਕੀਤੀਆਂ ਗਈਆਂ। ਸਤਿਜੁਗ ਦਾ ਅਗਲਾ ਪਰਚਾ ਪ੍ਰੋ. ਕਿਰਪਾਲ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਹੋਵੇਗਾ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਕਸੇਲ ਜੀ ਦਾ ਸ਼ਰਧਾਂਜਲੀ ਸਮਾਰੋਹ ਵਿਸ਼ਾਲ ਪੱਧਰ ਤੇ ਕੀਤਾ ਜਾਵੇਗਾ।

- ਹਰਪਾਲ ਸਿੰਘ ਸੇਵਕ
ਸ੍ਰੀ ਭੈਣੀ ਸਾਹਿਬ
ਸੰਪ: 94176-01321

Sri Satguru Jagjit Singh Ji Elibrary NamdhariElibrary@gmail.com

ਹੁਕਮਨਾਮਾ ਸ੍ਰੀ ਸਤਿਗੁਰੁ ਰਾਮ ਸਿੰਘ ਜੀ

ਭਾਈ ਬਘੇਲ ਸਿੰਘ ਤੂ ਬੀ ਬਾਣੀ ਕੰਠ ਕਰੀ ਆਪ, ਹੋਰੁ ਆਪ ਸਰਬੰਧੀਆ ਨੂ ਬੀ ਕੰਠ ਕਰਨ ਨੂ ਆਖੀ। ਅਰੁ ਭਾਈ ਪਿਛਾ ਰਾਤ ਨੂ ਕੋਈ ਬੀ ਨਾ ਸੌ ਰਹੇ। ਗ੍ਰੰਥ ਸਾਹਿਬ ਮੈ ਲਿਖਾ ਹੈ

'ਫਰੀਦਾ ਪਿਛਲ ਰਾਤਿ ਨਾ ਜਾਗਿਓਹਿ ਜੀਵਦੜੋ ਮੁਇਓਹਿ।'

ਸਭਨੇ ਬਾਣੀ ਪੜਨੀ ਅਰੁ ਭਜਨੁ ਬੀ ਕਰਨਾ ਜਿਤਨਾ ਪੁਜ ਆਵੇ। ਬਾਣੀ ਪੜਕੇ ਸਭਨੇ ਹਰਿਦਾਸ ਕਰਨੀ, ਗੁਰੂ ਸਾਹਿਬ ਪਾਸੋ ਸਿਦਕ ਦਾ ਦਾਨੁ ਮੰਗਣਾ।

ਗੁਰੂ ਸਭਨਾ ਬਥੁ (ਵਸਤੂ) ਦਾ ਦਾਤਾ ਹੈ।

ਉਪਦੇਸ਼ ਸ੍ਰੀ ਸਤਿਗੁਰੁ ਜਗਜੀਤ ਸਿੰਘ ਜੀ

ਸਾਸਿ ਗਿਰਾਸਿ ਜਪਉ

ਐਥੇ (ਸਾਧ ਸੰਗਤ ਵਿਚ ਆ ਕੇ ਵੀ ਜੇ ਨਾਮ ਨਹੀਂ ਜਪਦੇ, ਇੱਕ ਦੂਸਰੇ ਨੂੰ ਆਖਦੇ ਰਿਹਾ ਕਰੋ ਕਿ ਜੇ ਥਾਲੀ ਵਿਚ ਪ੍ਰਸ਼ਾਦਾ ਪਿਆ ਹੈ, ਹੁਣ ਵੀ ਤੂੰ ਨਹੀਂ ਛਕਦਾ ਤੇ ਕਿਹੜੇ ਵੇਲੇ ਰੋਟੀ ਖਾਏਂਗਾ। ਐਥੇ ਭਜਨ ਕਰਨ ਵਾਸਤੇ ਆਉਂਦੇ ਹੋ, ਗੱਲਾਂ ਨਾ ਕਰਿਆ ਕਰੋ, ਨਾਮ-ਸਿਮਰਨ ਕਰਿਆ ਕਰੋ। ਇੱਕ-ਦੂਸਰੇ ਨੂੰ ਆਖਿਆ ਕਰੋ ਕਿ ਤੇਰਾ ਐਸ ਵੇਲੇ ਮੂੰਹ ਵੇਹਲਾ ਹੈ, ਨਾਮ-ਸਿਮਰਨ ਕਰ।

'ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ'

ਸਾਹ ਨਾਲ ਵੀ ਅਤੇ ਜਦੋਂ ਪ੍ਰਸ਼ਾਦਾ ਛਕੋ, ਉਹਦੇ ਨਾਲ ਵੀ ਤੁਹਾਡਾ ਨਾਮ ਸਿਮਰਨ ਹੋਣਾ ਚਾਹੀਦਾ ਹੈ। ਇਹ ਬਹੁਤ ਜ਼ਰੂਰੀ ਗੱਲ ਹੈ ਕਿ ਸਤਿਗੁਰਾਂ ਦੇ ਜਿਹੜੇ ਹੁਕਮ ਨੇ, ਉਹਨਾਂ ਤੇ ਚੱਲ ਕੇ ਹੀ ਅਸੀਂ ਆਪਣੀ ਜੀਵਨ ਯਾਤਰਾ ਨੂੰ ਸਫ਼ਲ ਕਰ ਸਕਦੇ ਹਾਂ।

Sri Satguru Jagjit Singh Ji Elibrary NamdhariElibrary@gmail.com

ਏਹ ਕਿਨੇਹੀ ਆਸਕੀ

✍- ਸੰਤੋਖ ਸਿੰਘ ਧੀਰ

ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਹਨੀਂ ਦਿਨੀਂ ਪੰਜ ਸੌ ਸਾਲਾ ਪ੍ਰਕਾਸ਼ ਦਿਵਸ ਹੈ। ਮੈਨੂੰ ਇਸ ਸਮੇਂ ਲਈ ਕੁਝ ਲਿਖਣ ਲਈ ਕਿਹਾ ਗਿਆ ਹੈ।

ਉਂਝ ਤਾਂ ਸਿੱਖਾਂ ਲਈ ਸਾਰੇ ਗੁਰੂ ਸਾਹਿਬਾਨ ਹੀ , ਇਕੋ ਜੋਤ ਹੋਣ ਕਾਰਨ, ਇਕੋ ਜਿਹੇ, ਪੂਜਣ ਯੋਗ ਹਨ। ਪਰ ਆਮ ਕਰਕੇ ਤਿੰਨ ਗੁਰੂ ਸਾਹਿਬਾਨ ਵੱਲ ਹੀ ਸਾਡਾ ਸਭ ਦਾ ਵੱਧ ਧਿਆਨ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਵੱਲ। ਸ਼ਾਇਦ ਕਾਰਨ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਾਡੇ ਪਹਿਲੇ ਗੁਰੂ ਹਨ ਜੋ 'ਜਿਉ ਕਰ ਸੂਰਜ ਨਿਕਲਿਆ' ਵਾਂਗ ਨਵੇਂ ਯੁਗ ਦਾ ਨਵਾਂ ਮਹਾਨ ਪ੍ਰਕਾਸ਼ ਲੈ ਕੇ ਆਏ ਹਨ, ਜਿਨ੍ਹਾਂ ਨਾਲ ਤਾਰੇ ਆਦਿ ਸਾਰੇ ਛਿਪ ਖਲੋਤੇ ਅਤੇ ਹਨ੍ਹੇਰਾ ਨੱਸ ਖਲੋਤਾ ਸੀ। ਸ੍ਰੀ ਗੁਰੂ ਅਰਜਨ ਦੇਵ ਸ਼ਹੀਦਾਂ ਦੇ ਸਿਰਤਾਜ ਹਨ ਜੋ ਤੱਤੀ ਤੱਵੀ 'ਤੇ ਬਹਿ ਕੇ ਸੰਸਾਰ ਦੀ ਤਪਤ ਠਾਰਦੇ ਹਨ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਤਾ-ਪਿਤਾ ਤੇ ਫੇਰ ਅੱਗੋਂ ਪੁੱਤਰਾਂ ਨੂੰ ਦੇਸ਼ ਅਤੇ ਕੌਮ ਉਤੋਂ ਵਾਰ ਦੇਣ ਵਾਲੇ ਸਰਬੰਸਦਾਨੀ ਹੋਣ ਕਾਰਨ। ਗੁਰਪੁਰਬ ਵੀ ਤਿੰਨ ਗੁਰੂ ਸਾਹਿਬਾਨ ਦੇ ਹੀ ਮਨਾਏ ਜਾਂਦੇ ਹਨ। ਕੱਤਕ: ਪੂਰਨਮਾਸ਼ੀ, ਪੋਹ ਸੁਦੀ ਸਪਤਮੀ, ਜੇਠ ਸੁਦੀ ਚੌਥ- ਸ਼ਹੀਦੀ ਦਿਵਸ ਗੁਰੂ ਅਰਜਨ ਦੇਵ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੀ ਹੁਣ ਸਿੱਖ ਜਗਤ ਦਾ ਇਹਨਾਂ ਵਾਂਗ ਹੀ ਵੱਧ ਧਿਆਨ ਖਿੱਚ ਰਹੇ ਹਨ ਜਿੰਨ੍ਹਾਂ ਨੇ ਹਿੰਦ ਦੀ ਚਾਦਰ ਬਣਕੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਦੇਸ਼-ਕੌਮ ਦੀ ਅਣਖ ਰੱਖਣ ਲਈ ਆਪਣਾ ਬਲੀਦਾਨ ਦਿੱਤਾ। ਗੁਰੂ ਨਾਨਕ ਪ੍ਰਥਮ ਹੋਣ ਕਾਰਨ ਤੇ ਬਾਕੀ ਮਹਾਨ ਸ਼ਹੀਦੀਆਂ ਕਾਰਨ ਵੱਧ ਧਿਆਨ ਵਿੱਚ ਰਹਿੰਦੇ ਹਨ। ਭਾਵੇਂ ਸਿੱਖਾਂ ਲਈ ਸਾਰੇ ਗੁਰੂ, ਗੁਰੂ ਨਾਨਕ ਰੂਪ ਹੀ ਹਨ ਤੇ ਸਭ ਵਿਚ ਇਕੋ ਜੋਤ ਨੂੰ ਮਹਿਸੂਸ ਕੀਤਾ ਜਾਂਦਾ ਹੈ। ਬਾਣੀ ਵਿਚ ਵੀ ਸਾਰੇ ਗੁਰੂ ਆਪੋ ਆਪਣੇ ਨਾਂਅ ਦੀ ਥਾਂ "ਨਾਨਕ ਨਾਮ ਹੀ ਲਿਖਦੇ ਹਨ ਕਿ ਉਹ ਨਾਨਕ ਜੋਤ ਹੀ ਹਨ। ਅਸੀਂ "ਮਹਲਾ" ਸ਼ਬਦ ਨਾਲ ਹੀ ਇਹ ਪਹਿਚਾਣ ਕਰ ਸਕਦੇ ਹਾਂ ਕਿ ਇਹ ਬਾਣੀ ਕਿਸ ਗੁਰੂ ਦੀ ਰਚਨਾ ਹੈ।

ਭਾਵੇਂ ਮੈਂ ਸਿੱਖ ਘਰ ਵਿੱਚ ਜਨਮ ਲਿਆ ਹੋਇਆ ਹੈ ਤੇ ਆਪਣੇ ਗੁਰੂ ਸਾਹਿਬਾਨ ਦੇ ਨਾਂਅ ਤੇ ਉਹਨਾਂ ਦੀ ਬਾਣੀ ਦੇ ਸੱਚੇ ਬੋਲ, ਨਿੱਕੀ ਬਾਲ ਵਰੇਸ ਤੋਂ ਹੀ ਕੰਨਾਂ ਵਿਚ ਪੈਂਦੇ ਰਹੇ ਹਨ, ਤਾਂ ਵੀ ਆਮ ਭੋਲੇ-ਭਾਲੇ ਤੇ ਇੱਕ ਸਧਾਰਨ ਸਿੱਖ ਵਾਂਗੂੰ ਮੈਨੂੰ ਬਹੁਤਾ ਪਤਾ ਕੁੱਝ ਇੱਕ ਗੁਰੂ ਸਾਹਿਬਾਨਾਂ ਬਾਰੇ ਹੀ ਸੀ। ਪਹਿਲੀ, ਪੰਜਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਬਾਰੇ। ਗੁਰੂ ਅੰਗਦ ਦੇਵ ਬਾਰੇ ਤਾਂ ਬਹੁਤ ਹੀ ਘੱਟ ਪਤਾ ਸੀ। ਮੇਰੇ ਪਿਤਾ ਗੁਰੂ ਸਾਹਿਬਾਨ ਦੀਆਂ ਗੱਲਾਂ ਕਰਦੇ ਰਹਿੰਦੇ ਤੇ ਮੈਨੂੰ ਆਪਣੇ ਵੱਲੋਂ ਸਿੱਖ ਇਤਿਹਾਸ ਦੀ ਸਿੱਖਿਆ ਦਿੰਦੇ ਰਹਿੰਦੇ। ਪਰ ਮੈਂ ਬਹੁਤ ਸਾਰੀਆਂ ਗੱਲਾਂ ਅਣਸੁਣੀਆਂ ਹੀ ਕਰਦਾ ਰਹਿੰਦਾ। ਅੱਜ ਪਤਾ ਲੱਗਦਾ ਹੈ ਕਿ ਮੈਨੂੰ ਆਪਣੇ ਪਿਤਾ ਵੱਲੋਂ ਸਿੱਖ ਇਤਿਹਾਸ ਦੀਆਂ ਦੱਸੀਆਂ ਜਾਂਦੀਆਂ ਏਨੀਆਂ ਵਡਮੁੱਲੀਆਂ ਗੱਲਾਂ ਕਿੰਨੇ ਡੂੰਘੇ ਧਿਆਨ ਨਾਲ ਸੁਣਨੀਆਂ ਤੇ ਫੇਰ ਸੁਣਕੇ ਗ੍ਰਹਿਣ ਕਰਨੀਆਂ ਚਾਹੀਦੀਆਂ ਸਨ। ਗੁਰੂ ਅੰਗਦ ਦੇਵ ਜੀ ਬਾਰੇ ਜਿੰਨਾਂ ਕੁ ਮੈਨੂੰ ਪਤਾ ਹੈ, ਇਹ ਮੈਨੂੰ ਮੇਰੇ ਪਿਤਾ ਜੀ ਵੱਲੋਂ ਹੀ ਦੱਸੀ ਗਈ ਜਾਣਕਾਰੀ ਹੈ।

ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਨੂੰ ਮਿਲਣ ਤੋਂ ਪਹਿਲਾਂ ਲਹਿਣਾ ਨਾਂਅ ਦੇ ਇਕ ਸਾਧਾਰਨ ਹਿੰਦੂ ਦੁਨੀਆਂਦਾਰ ਸਨ, ਜੋ ਛੋਟੇ-ਮੋਟੇ ਵਪਾਰ ਆਦਿ ਦਾ ਕਾਰੋਬਾਰ ਕਰਦੇ ਤੇ ਇਕ ਆਮ ਹਿੰਦੂ ਵਾਂਗ ਰਾਮ, ਕ੍ਰਿਸ਼ਨ ਤੇ ਸ਼ਿਵ ਆਦਿ ਦੇਵਤਿਆਂ ਨੂੰ ਪੂਜਦੇ ਤੇ ਦੇਵੀਆਂ ਦੇ ਦਰਸ਼ਨਾਂ ਲਈ ਤੀਰਥਾਂ ਨੂੰ ਜਾਂਦੇ ਹੁੰਦੇ। ਸਾਰੇ ਬ੍ਰਾਹਮਣੀ ਕਰਮ ਕਾਂਡ ਇਨ੍ਹਾਂ ਦੇ ਜੀਵਨ ਦਾ ਹਿੱਸਾ ਸਨ। ਜਿਵੇਂ ਇਕ ਸਾਧਾਰਨ ਹਿੰਦੂ ਦੇ ਜੀਵਨ ਦਾ ਹਿੱਸਾ ਹੁੰਦੇ ਹੀ ਹਨ। ਗੁਰੂ ਨਾਨਕ ਨਾਲ ਮਿਲਣ ਹੋਇਆ ਤਾਂ ਜਿਵੇਂ ਉਹਨਾਂ ਦਾ ਤਨ ਤੇ ਮਨ ਚਾਨਣ ਨਾਲ ਭਰ ਗਿਆ। ਗੁਰੂ ਨਾਨਕ ਦੇ ਸ਼ਿਸ਼ ਬਣੇ ਤੇ, ਉਹਨਾਂ ਦੀ ਤੇ ਆਮ ਲੋਕਾਂ ਦੀ ਸੇਵਾ ਵਿੱਚ ਲਗ ਗਏ। ਸੂਰਜ ਨਾਲ ਦੀਵਾ ਛੂਹ ਗਿਆ ਤੇ ਛੂਹਿਆ ਦੀਵਾ ਵੀ ਸੂਰਜ ਵਾਂਗੂੰ ਚਮਕਾਂ ਮਾਰਨ ਲੱਗ ਪਿਆ। ਲਹਿਣਾ ਅੰਗਦ ਬਣ ਗਿਆ ਤੇ ਫੇਰ ਗੁਰੂ ਅੰਗਦ ਦੇਵ। ਇਹ ਅੰਦਰ ਦੀ ਸੁੱਚਮ ਸੀ ਨਿਮਰਤਾਈ

Sri Satguru Jagjit Singh Ji Elibrary NamdhariElibrary@gmail.com

ਤੇ ਸਿਦਕ ਸੀ, ਸੇਵਾ ਤੇ ਆਗਿਆਕਾਰੀ ਸੀ ਜਿਸਨੇ ਲਹਿਣੇ ਨੂੰ ਅੰਗ ਲਾ ਕੇ, ਗੁਰੂ ਨਾਨਕ ਨੇ, ਗੁਰੂ ਅੰਗਦ ਦੇਵ ਹੋਣ ਦਾ ਰੁਤਬਾ ਦਿੱਤਾ। ਨਹੀਂ ਤਾਂ ਗੁਰੂ ਨਾਨਕ ਦੇ ਪੁੱਤਰ ਸਿਰੀ ਚੰਦ ਤੇ ਲੱਖਮੀ ਚੰਦ, ਵੀ ਗੱਦੀ 'ਤੇ ਬਹਿ ਸਕਦੇ ਸਨ। ਪਰ ਉਹਨਾਂ ਵਿਚ ਉਹ ਸੁਹਿਰਦਤਾ, ਉਹ ਸਚਾਈ, ਉਹ ਬੁਲੰਦੀ, ਉਹ ਪ੍ਰਕਾਸ਼ ਨਹੀਂ ਸੀ ਜੋ ਗੁਰੂ ਅੰਗਦ ਦੇਵ ਵਿਚ ਸੀ। ਉਹ ਸੂਰਜ ਦੇ ਨੇੜੇ ਰਹਿੰਦੇ ਹੋਏ ਵੀ 'ਘੋਰ ਅੰਧਾਰ' ਵਿਚ ਫਿਰਦੇ ਸਨ। ਪਰ ਭਾਈ ਲਹਿਣਾ, ਗੁਰੂ ਅੰਗਦ, ਇਸ ਸੂਰਜ ਦੇ ਚਾਨਣ ਨਾਲ ਓਤ-ਪੋਤ ਹੋ ਗਏ ਸਨ।

ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਲ ਮਿਲਕੇ, ਗੁਰੂ ਨਾਨਕ ਨਾਲ ਮਿਲਕੇ, ਕੀ ਪ੍ਰਾਪਤ ਹੋਇਆ ਸੀ ? ਉਹ ਬੇਬਹਾ ਚਾਨਣ ਜੋ ਸੈਂਕੜੇ ਹੀ ਚੰਨ ਤੇ ਹਜ਼ਾਰਾਂ ਹੀ ਸੂਰਜ ਤੱਕ ਵੀ ਦੇ ਸਕਣ ਦੇ ਯੋਗ ਨਹੀਂ। ਉਹਨਾਂ ਦੇ ਆਪਣੇ ਬੋਲ ਹਨ:

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

ਇਸ , ਘੋਰ ਅੰਧਾਰ ਤੋਂ, ਉਸ ਘਟਾਟੋਪ ਹਨੇਰੇ ਤੋਂ, ਉਹਨਾਂ ਨੂੰ ਮੁਕਤੀ ਮਿਲੀ ਸੀ ਜਿਸਨੂੰ ਸੈਂਕੜੇ ਚੰਦਰਮਾਂ ਅਤੇ ਹਜ਼ਾਰਾਂ ਸੂਰਜ ਵੀ ਦੂਰ ਨਹੀਂ ਕਰ ਸਕਦੇ ਸਨ। ਉਹਨਾਂ ਦੀਆਂ ਅੱਖਾਂ ਅਤੇ ਕਪਾਟ ਤੱਕ ਖੁਲ੍ਹ ਗਏ ਸਨ। ਠੀਕ ਕੀ ਹੈ, ਗਲਤ ਕੀ, ਇਹਦੀ ਪਛਾਣ ਹੋ ਗਈ ਸੀ। ਜੋ ਕੁਝ ਤੀਰਥਾਂ-ਮੰਦਰਾਂ ਵਿਚ ਜਾ ਜਾ ਕੇ ਲੱਭਣ ਦੀ ਲੋੜ ਸੀ ਤੇ ਉਥੋਂ ਲੱਭਦਾ ਨਹੀਂ ਸੀ, ਉਹ ਆਪਣੇ ਅੰਦਰੋਂ ਲੱਭ ਗਿਆ ਸੀ। ਆਪਣਾ ਮੂਲ ਪਛਾਨਣ ਨਾਲ ਆਪਣੇ ਆਪ ਦੇ "ਜੋਤਿ ਸਰੂਪ" ਹੋਣ ਦਾ ਪਤਾ ਲੱਗ ਗਿਆ ਸੀ। ਸੱਚ ਦਾ ਸੂਰਜ ਸਾਹਮਣੇ ਪ੍ਰਕਾਸ਼ਮਾਨ ਹੋ ਗਿਆ ਸੀ। ਅਜਿਹੀ ਪ੍ਰਤਿਭਾ ਜਾਗੀ ਕਿ ਮਹਾਂਕਵੀ ਦੀ ਕਾਨੀ ਉਹਨਾਂ ਦੇ ਪੋਟਿਆਂ ਵਿਚ ਆ ਗਈ। ਤਦੇ ਹੀ ਤਾਂ ਉਹਨਾਂ ਅਜੇਹੀ ਉੱਚ ਕੋਟੀ ਦੀ ਬਾਣੀ ਦੀ ਰਚਨਾ ਕੀਤੀ। ਗੁਰੂ ਦਾ ਮਹੱਤਵ ਦੱਸਣ ਲਈ ਅਜਿਹੀ ਉੱਚ ਕੋਟੀ ਦੀ ਤੇ ਸੁੰਦਰਤਾ ਭਰੀ ਕਵਿਤਾ, ਮੇਰਾ ਨਹੀਂ ਖ਼ਿਆਲ, ਕਿਸੇ ਨੇ ਸੰਸਾਰ ਦੀ ਕਿਸੇ ਹੋਰ ਬੋਲੀ ਵਿਚ ਰਚੀ ਹੋਵੇ। ਕਿੰਨੇ ਸ਼ਕਤੀਸ਼ਾਲੀ ਹਨ, ਭਾਈ ਲਹਿਣੇ ਤੋਂ ਅੰਗਦ ਬਣੇ, ਗੁਰੂ ਦੇ ਅੰਗਦ ਦੇ ਮਹਾਂਵਾਕ : "ਸੈਂਕੜੇ ਹੀ ਚੰਨ ਹੋਣ, ਹਜ਼ਾਰਾਂ ਹੀ ਸੂਰਜ, ਏਨਾ ਚਾਨਣ ਹੁੰਦੇ ਹੋਏ ਵੀ, ਗੁਰੂ ਬਿਨਾਂ, ਰਾਹ ਦਸੇਰੇ ਬਿਨਾਂ, ਸਮਝੋ ਘੋਰ ਅੰਧਾਰ ਹੈ।

ਚੰਨਾਂ ਅਤੇ ਸੂਰਜਾਂ ਵਰਗੀ ਸੁੰਦਰਤਾ ਤੋਂ ਬਿਨਾਂ ਮਹਾਂਪੁਰਸ਼ਾਂ ਦੀ ਬਾਣੀ ਵਿਚ ਇਕ ਹੋਰ ਵੱਡਾ ਗੁਣ ਹੁੰਦਾ ਹੈ। ਭਾਵੇਂ ਜੁਗੜੇ ਬੀਤ ਜਾਣ, ਉਹ ਸਦਾ ਪ੍ਰਸੰਗਿਕ ਹੁੰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਦੀਆਂ ਪਹਿਲਾਂ ਫਮਰਾਇਆ ਹੈ :

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥

ਏਥੇ ਆਸਕ (ਆਸ਼ਿਕ) ਦਾ ਮਤਲਬ ਹੈ ਆਪਣੇ ਅਸੂਲਾਂ ਉਤੇ, ਸਿਦਕ ਉਤੇ ਕਾਇਮ ਰਹਿਣ ਵਾਲਾ ਤੇ ਆਪਣੀ ਪ੍ਰਤੀਬੱਧਤਾ ਉਤੇ ਪਹਿਰਾ ਦੇਣ ਵਾਲਾ। ਅੱਜ ਆਪਣੇ ਦੇਸ਼ ਵੱਲ ਤੇ ਦੁਨੀਆਂ ਵੱਲ ਦੇਖ ਲਉ। ਹੈ ਕਿਤੇ ਅਜਿਹਾ ਕਿਰਦਾਰ ? ਵਜ਼ੀਰ ਝੂਠ ਬੋਲਦੇ ਤੇ ਰਿਸ਼ਵਤਾਂ ਲੈ ਰਹੇ ਹਨ। ਦੇਸ਼ ਦੀ ਪਾਰਲੀਮੈਂਟ ਤੇ ਅਸੈਂਬਲੀਆਂ ਦੇ ਮੈਂਬਰ ਨਿਲਾਮ ਹੁੰਦੇ ਫਿਰਦੇ ਹਨ। ਹਰ ਪਾਸੇ ਭ੍ਰਿਸ਼ਟਾਚਾਰ ਦਨਦਨਾਉਂਦਾ ਫਿਰਦਾ ਹੈ। ਜ਼ਮਹੂਰੀਅਤ, ਆਜ਼ਾਦੀ ਮਜ਼ਾਕ ਬਣੇ ਹੋਏ ਹਨ। ਜਿਹੜੇ ਲੋਕ ਸ਼ਰੇਆਮ ਵਿਧਾਨ ਨੂੰ ਕਦੇ ਪਾੜਦੇ ਹਨ, ਆਪਣਾ ਮਤਲਬ ਪਾਲਣ ਲਈ, ਉਸੇ ਵਿਧਾਨ ਦੀਆਂ ਸਹੁੰਆਂ ਚੁੱਕ, ਅਮੀਰ-ਵਜ਼ੀਰ ਬਣ ਜਾਂਦੇ ਹਨ। ਚੋਣ ਕਿਸੇ ਹੋਰ ਪਾਰਟੀ ਦੇ ਝੰਡੇ ਹੇਠ ਲੜਦੇ ਹਨ ਤੇ ਪੈਸੇ ਅਤੇ ਅਹੁਦੇ ਲੈ ਕੇ ਬੈਠ ਕਿਸੇ ਹੋਰ ਪਾਰਟੀ ਦੇ ਬੈਂਚਾਂ ਉਤੇ ਜਾਂਦੇ ਹਨ। "ਰਾਜੇ ਸੀਹ ਮੁਕਦਮ ਕੁੱਤੇ" ਤੇ "ਸਰਮ ਧਰਮ ਦੋਇ ਛਪ ਖਲੋਏ " ਵਾਲੀਆਂ ਗੱਲਾਂ ਹੋ ਰਹੀਆਂ ਹਨ। ਗੁਰੂ ਅੰਗਦ ਦੇਵ ਜੀ ਨੇ ਸਦੀਆਂ ਪਹਿਲਾਂ ਇਸੇ ਕਿਸਮ ਦੇ ਲੋਕਾਂ ਬਾਰੇ ਕਿਹਾ ਸੀ :

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕੁ ਆਸਕੁ ਕਾਂਢੀਐ
ਸਦ ਹੀ ਰਹੈ ਸਮਾਇ॥

ਗੁਰੂ ਅੰਗਦ ਦੇਵ ਜੀ ਦੀ ਆਸਕੀ ਉੱਚ ਕੋਟੀ ਦੀ ਮਾਨਵਤਾ, ਆਚਰਣ ਅਤੇ ਨੈਤਿਕਤਾ ਹੈ ਜਿਸ ਦੀ ਅੱਜ ਭਾਰਤ ਵਿਚ ਹਰ ਪਾਸੇ ਅਣਹੋਂਦ ਹੈ। ਇਸੇ ਕਾਰਨ ਅੰਤਾਂ ਦਾ ਨਿਘਾਰ ਅਤੇ ਪਤਨ ਹੈ ਜੋ ਹਰ ਪਾਸੇ ਦਿਸ ਰਿਹਾ ਹੈ।

ਕਿੰਨਾ ਚੰਗਾ ਹੋਵੇ, ਜੇ ਅੱਜ ਭਾਰਤ ਦੇ ਕੰਨਾਂ ਵਿਚ, ਗੁਰੂ ਅੰਗਦ ਦੇ ਇਹ ਬੋਲ, ਮਾੜੇ ਮੋਟੇ ਹੀ ਪੈ ਸਕਣ। ਅਜਿਹੇ ਬੋਲ ਅੰਨੇ ਨੂੰ ਦੇ ਨੈਣਾਂ ਦੇ ਸਮਾਨ ਹਨ।

Sri Satguru Jagjit Singh Ji Elibrary NamdhariElibrary@gmail.com

ਅਜ਼ੀਮ ਸ਼ਹੀਦ ਤਿੱਕੜੀ

ਲੇ- ਡਾ. ਗੁਰਦੇਵ ਸਿੰਘ ਸਿੱਧੂ

ਕਈ ਵੇਰ ਸਮਾਂ ਅਤੇ ਹਾਲਾਤ ਅਜਿਹਾ ਮੌਕਾ ਮੇਲ ਭੇੜਦੇ ਹਨ ਕਿ ਦੇਖ ਕੇ ਮਨੁੱਖ ਹੈਰਾਨ ਪ੍ਰੇਸ਼ਾਨ ਰਹਿ ਜਾਂਦਾ ਹੈ ਅਤੇ ਅਜਿਹਾ ਜੁਆਨੀ ਦੀ ਉਮਰ ਵਿਚ ਦੇਸ਼ ਉੱਤੋਂ ਹੱਸ-ਹੱਸ ਕੇ ਜ਼ਿੰਦ ਵਾਰ ਦੇਣ ਵਾਲੇ ਅਮਰ ਸ਼ਹੀਦਾਂ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨਾਲ ਵੀ ਵਾਪਰਿਆ ਦਿਸਦਾ ਹੈ। ਸੁਖਦੇਵ ਦਾ ਜਨਮ 26 ਫਰਵਰੀ 1907 ਨੂੰ ਲੁਧਿਆਣਾ ਸ਼ਹਿਰ ਵਿਚ ਹੋਇਆ ਅਤੇ ਭਗਤ ਸਿੰਘ ਦਾ ਇਸ ਹੀ ਸਾਲ 28 ਸਤੰਬਰ ਨੂੰ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਚੱਕ ਨੰ: 105 ਵਿਚ। ਰਾਜਗੁਰੂ ਜਨਮਿਆ ਇਸ ਤੋਂ ਲਗਭਗ ਇਕ ਸਾਲ ਪਿੱਛੋਂ 24 ਅਗਸਤ 1908 ਨੂੰ ਬੰਬਈ ਪ੍ਰਾਂਤ ਵਿਚ ਪੂਨੇ ਦੇ ਨੇੜ ਪਿੰਡ ਖੇੜ ਵਿਚ ਪਰ ਮੌਕਾ ਮੇਲ ਦੇਖੋ ਤਿੰਨਾਂ ਨੇ ਇਕ ਹੀ ਦਿਨ ਭਾਵ 23 ਮਾਰਚ 1931 ਨੂੰ ਇਕ ਹੀ ਸਥਾਨ ਲਾਹੌਰ ਦੀ ਕੇਂਦਰੀ ਜੇਲ ਵਿਚ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਪ੍ਰਾਪਤ ਕੀਤੀ।

ਭਗਤ ਸਿੰਘ ਅਤੇ ਸੁਖਦੇਵ ਦੇ ਜਨਮ ਸਥਾਨ ਵਿਚ ਦੂਰੀ ਦੇ ਬਾਵਜੂਦ ਦੋਵਾਂ ਨੂੰ ਮਿਲਾਉਣ ਦਾ ਕਾਰਨ ਬਣਿਆ ਦੋਵਾਂ ਦੇ ਪਰਿਵਾਰਾਂ ਦਾ ਰਾਜਸੀ ਝੁਕਾਉ। ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਕਾਂਗਰਸ ਪਾਰਟੀ ਦੀਆਂ ਸਰਗਰਮੀਆਂ ਵਿੱਚ ਭਾਈਵਾਲ ਸਨ ਅਤੇ ਸੁਖਦੇਵ ਦੇ ਤਾਇਆ ਜੀ ਲਾਲਾ ਅਚਿੰਤ ਰਾਮ ਵੀ, ਜਿਸ ਕਾਰਨ ਦੋਵੇਂ ਇਕ ਦੂਜੇ ਦੇ ਜਾਣੂੰ ਸਨ। ਵੀਹਵੀਂ ਸਦੀ ਦੇ ਮੁੱਢਲੇ ਦਿਨਾਂ ਤੱਕ ਬਾਰ ਦੀ ਸਦੀਆਂ ਤੋਂ ਅਣਵਾਹੀ ਰਹੀ ਧਰਤੀ ਵਾਹੀਯੋਗ ਬਣਨ ਉਪਰੰਤ ਲਹਿਲਹਾਉਂਦੀਆਂ ਫਸਲਾਂ ਦੇਣ ਲੱਗ ਪਈ ਸੀ, ਜਿਸ ਕਾਰਨ ਇੱਥੇ ਵਪਾਰ ਵਿਚ ਵੀ ਵਾਧਾ ਹੋ ਰਿਹਾ ਸੀ। ਜਿਨ੍ਹੀਂ ਦਿਨੀਂ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਨੇ ਚੱਕ ਵਿਚ ਆ ਕੇ ਰਹਿਣਾ ਸ਼ੁਰੂ ਕੀਤਾ, ਉਨ੍ਹੀਂ ਦਿਨੀਂ ਹੀ ਲਾਲਾ ਅਚਿੰਤ ਰਾਮ ਨੇ ਲਾਇਲਪੁਰ ਵਿਚ "ਮੈਸਰਜ਼ ਲਾਲਾ ਅਚਿੰਤ ਰਾਮ, ਰਾਮ ਲਾਲ ਥਾਪਰ" ਨਾਂ ਉੱਤੇ ਆੜ੍ਹਤ ਦੀ ਦੁਕਾਨ ਖੋਲ੍ਹੀ। ਦੁਕਾਨ ਵਿਚ ਭਾਈਵਾਲ ਰਾਮ ਲਾਲ ਅਤੇ ਅਚਿੰਤ ਰਾਮ ਤਾਏ ਚਾਚੇ ਦੇ ਪੁੱਤਰ ਸਨ। ਸੁਖਦੇਵ ਦੀ ਉਮਰ ਅਜੇ ਤਿੰਨ ਕੁ ਸਾਲ ਦੀ ਹੀ ਸੀ ਕਿ ਉਸ ਦੇ ਪਿਤਾ ਰਾਮ ਲਾਲ ਦਾ ਦਿਹਾਂਤ ਹੋ ਗਿਆ ਤਾਂ ਲਾਲਾ ਅਚਿੰਤ ਰਾਮ ਨੇ ਆਪਣੀ ਭਰਜਾਈ ਵਿਧਵਾ ਰਲੀ ਦੇਵੀ ਨੂੰ ਆਪਣੇ ਕੋਲ ਲਾਇਲਪੁਰ ਬੁਲਾ ਲਿਆ ਅਤੇ ਇਉਂ ਤਿੰਨ ਕੁ ਸਾਲ ਦੀ ਉਮਰ ਵਿਚ ਸੁਖਦੇਵ ਆਪਣੀ ਮਾਂ ਨਾਲ ਲਾਇਲਪੁਰ ਆ ਗਿਆ। ਸ. ਕਿਸ਼ਨ ਸਿੰਘ ਆਪਣੇ ਖੇਤਾਂ ਦੀ ਪੈਦਾਵਾਰ ਲਾਲਾ ਅਚਿੰਤ ਰਾਮ ਦੀ ਦੁਕਾਨ ਰਾਹੀਂ ਹੀ ਵੇਚਦੇ। ਕਈ ਵਾਰ ਉਨ੍ਹਾਂ ਦੇ ਨਾਲ ਬਾਲ ਭਗਤ ਸਿੰਘ ਵੀ ਹੁੰਦਾ। ਖਰੀਦ ਵੇਚ ਤੋਂ ਵਿਹਲੇ ਹੋ ਕੇ ਜਦ ਸ. ਕਿਸ਼ਨ ਸਿੰਘ ਅਤੇ ਲਾਲਾ ਅਚਿੰਤ ਰਾਮ ਆਪਣੀ ਗੱਲ ਬਾਤ ਵਿਚ ਮਸ਼ਰੂਫ ਹੁੰਦੇ ਤਾਂ ਦੋਵੇਂ ਬਾਲ ਹਾਣੀ ਭਗਤ ਸਿੰਘ ਅਤੇ ਸੁਖਦੇਵ ਇਕੱਠੇ ਖੇਡਦੇ ਰਹਿੰਦੇ। ਇਉਂ ਛੋਟੀ ਉਮਰ ਤੋਂ ਹੀ ਉਨ੍ਹਾਂ ਦਾ ਸਹਿਚਾਰ ਬਣ ਗਿਆ।

ਦੋਵਾਂ ਨੂੰ ਦੇਸ਼ ਭਗਤੀ ਦੀ ਪ੍ਰੇਰਨਾ ਘਰੇਲੂ ਮਾਹੌਲ ਵਿਚੋਂ ਹੀ ਮਿਲੀ। ਫਲਸਰੂਪ ਜਦ 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ ਦਾ ਹਤਿਆ ਕਾਂਡ ਹੋਇਆ ਤਾਂ ਇਸ ਹਿਰਦੇ ਵੇਧਕ ਘਟਨਾ ਨੇ ਦੋਵਾਂ ਦੇ ਕੋਮਲ ਮਨਾਂ ਵਿਚ ਅੰਗਰੇਜ਼ ਵਿਰੋਧੀ ਭਾਵਨਾ ਨੂੰ ਜਨਮ ਦਿਤਾ। ਇਸ ਘਟਨਾ ਦੇ ਕੁੱਝ ਹੀ ਦਿਨਾਂ ਪਿੱਛੋਂ ਜਦ ਇਕ ਅੰਗਰੇਜ਼ ਅਫ਼ਸਰ ਸਨਾਤਨ ਧਰਮ ਸਕੂਲ, ਜਿੱਥੇ ਸੁਖਦੇਵ ਪੜ੍ਹ ਰਿਹਾ ਸੀ, ਦਾ ਦੌਰਾ ਕਰਨ ਆਇਆ ਅਤੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਅੰਗਰਟੇਜ਼ ਅਫ਼ਸਰ ਨੂੰ ਸਲੂਟ ਕਰਨ ਲਈ ਕਿਹਾ ਗਿਆ, ਤਾਂ ਸੁਖਦੇਵ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ 'ਦੋਸ਼' ਬਦਲੇ ਸੁਖਦੇਵ ਨੂੰ ਬੈਂਤਾਂ ਦੀ ਸਜ਼ਾ ਦਿੱਤੀ ਗਈ ਜਿਸ ਨਾਲ ਉਸ ਦੇ ਮਨ ਵਿਚ ਵਿਦੇਸ਼ੀ ਹਾਕਮਾਂ ਪ੍ਰਤੀ ਨਫ਼ਰਤ ਹੋਰ ਗੂੜ੍ਹੀ ਹੋ ਗਈ। ਉਧਰ ਭਗਤ ਸਿੰਘ ਜੋ ਉਨ੍ਹੀਂ ਦਿਨੀਂ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਪਾਸ ਕਰਨ ਉਪਰੰਤ ਅਗਲੀ ਪੜ੍ਹਾਈ ਲਾਹੌਰ ਵਿਚ ਕਰ ਰਿਹਾ ਸੀ, ਜਲ੍ਹਿਆਂ ਵਾਲੇ ਬਾਗ ਦੀ ਘਟਨਾ ਵਾਪਰਨ ਤੋਂ ਅਗਲੇ ਦਿਨ ਘਟਨਾ ਸਥਲ ਉੱਤੋਂ ਜਨਰਲ ਡਾਇਰ ਵੱਲੋਂ ਕੀਤੀ ਗੋਲੀਬਾਰੀ ਵਿਚ ਸ਼ਹੀਦ ਹੋਏ ਵਿਅਕਤੀਆਂ ਦੇ ਲਹੂ ਨਾਲ ਭਿੱਜੀ ਮਿੱਟੀ ਇਕ ਸ਼ੀਸ਼ੀ ਵਿਚ ਭਰ ਕੇ ਲਿਆਇਆ ਅਤੇ ਦੇਸ਼ ਦੇ ਗਲੋਂ ਜ਼ਾਲਮ ਅੰਗਰੇਜ਼ ਦੀ ਗੁਲਾਮੀ ਦੀ ਛਟ ਲਾਹੁਣ ਵਾਸਤੇ ਹੋਰ ਗੰਭੀਰ ਹੋ ਗਿਆ।

1921 ਵਿਚ ਗਾਂਧੀ ਜੀ ਨੇ ਨਾ-ਮਿਲਵਰਤਨ ਲਹਿਰ ਸ਼ੁਰੂ ਕੀਤੀ। ਨਾ-ਮਿਲਵਰਤਨ ਕਰਨ ਦੇ ਇਕ ਢੰਗ ਵਜੋਂ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਕਾਲਜਾਂ ਵਿਚੋਂ ਨਾਂ ਕਟਵਾ ਲੈਣ ਲਈ ਸੱਦਾ ਦਿੱਤਾ। ਗਾਂਧੀ ਜੀ ਸੱਦੇ ਉੱਤੇ ਰਾਜਸੀ ਸੂਝ ਬੂਝ ਰੱਖਣ ਵਾਲੇ ਬਹੁਤ ਸਾਰੇ ਵਿਦਿਆਰਥੀਆਂ ਨੇ ਸਰਕਾਰੀ ਸੰਸਥਾਵਾਂ ਵਿਚੋਂ ਨਾਉਂ ਕਟਵਾ ਲਏ ਤਾਂ ਅਜਿਹੇ

Sri Satguru Jagjit Singh Ji Elibrary NamdhariElibrary@gmail.com

ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਪ੍ਰਾਪਤ ਕਰਨ ਦਾ ਮੌਕਾ ਦੇਣ ਵਾਸਤੇ ਕੌਮੀ ਸਕੂਲ ਅਤੇ ਕਾਲਜ ਖੋਲ੍ਹੇ ਗਏ। ਲਾਹੌਰ ਵਿਚ ਵੀ ਅਜਿਹਾ ਇਕ ਕਾਲਜ "ਕੌਮੀ ਵਿੱਦਿਆ ਪੀਠ" ਨਾਉਂ ਹੇਠ ਖੋਲ੍ਹਿਆ ਗਿਆ। ਸਬੱਬ ਅਜਿਹਾ ਬਣਿਆ ਕਿ ਭਗਤ ਸਿੰਘ ਅਤੇ ਸੁਖਦੇਵ ਦੋਵੇਂ ਇਸ ਕਾਲਜ ਵਿਚ ਸਹਿਪਾਠੀ ਬਣ ਗਏ। ਇਸ ਤੋਂ ਅਗਲਾ ਇਕ ਦਹਾਕਾ ਉਨ੍ਹਾਂ ਇਕੱਠਿਆਂ 'ਨੌਜਵਾਨ ਭਾਰਤ ਸਭਾ' ਅਤੇ 'ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ" ਦੇ ਝੰਡੇ ਹੇਠ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਆਮ ਪ੍ਰਭਾਵ ਇਹ ਹੈ ਕਿ ਯੋਜਨਾਵਾਂ ਉਲੀਕਣ ਵਿਚ ਵੱਡਾ ਹਿੱਸਾ ਭਗਤ ਸਿੰਘ ਦਾ ਹੁੰਦਾ ਅਤੇ ਇਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਸੁਖਦੇਵ ਮੋਹਰੀ ਹੁੰਦਾ। ਦੋਵਾਂ ਦੇ ਆਪਸੀ ਰਿਸ਼ਤੇ ਬਾਰੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਇਹ ਸ਼ਬਦ ਬਿਲਕੁੱਲ ਸਹੀ ਹਨ ਕਿ "ਇਕ ਲਿਹਾਜ ਨਾਲ ਭਗਤ ਸਿੰਘ ਅਤੇ ਸੁਖਦੇਵ ਸੀ ਇਕ ਦੂਜੇ ਦੇ ਪੂਰਕ, ਜੋ ਲਗਾਤਾਰ ਆਪੋ ਵਿਚ ਖਹਿਬੜਦੇ ਵੀ ਰਹੇ ਤੇ ਇਕ ਦੂਜੇ ਦੇ ਸਾਹ ਵਿਚ ਸਾਹ ਵੀ ਲੈਂਦੇ ਰਹੇ।"

ਭਗਤ ਸਿੰਘ ਅਤੇ ਸੁਖਦੇਵ ਦੋਵੇਂ ਪੰਜਾਬੀ ਸਨ ਇਸ ਕਾਰਨ ਉਨ੍ਹਾਂ ਦਾ ਸੰਪਰਕ ਵਿਚ ਆ ਜਾਣਾ ਬਹੁਤਾ ਹੈਰਾਨ ਨਹੀਂ ਕਰਦਾ ਪਰ ਪੱਛਮੀ ਭਾਰਤ ਦੇ ਬੰਬਈ ਪ੍ਰਾਂਤ ਵਿਚ ਜਨਮੇ ਸ਼ਿਵਰਾਮ ਰਾਜਗੁਰੂ ਦਾ ਉਨ੍ਹਾਂ ਨਾਲ ਜੁੜਨਾ ਸਮੇਂ ਅਤੇ ਹਾਲਾਤ ਦਾ ਘੜਿਆ ਮੌਕਾ ਮੇਲ ਹੀ ਕਿਹਾ ਜਾ ਸਕਦਾ ਹੈ ਜੋ ਕਿਸੇ ਵੀ ਤਰ੍ਹਾਂ ਅਚੰਭੇ ਤੋਂ ਘੱਟ ਨਹੀਂ। ਰਾਜਗੁਰੂ ਦੇ ਬਚਪਨ ਵਿਚ ਹੀ ਉਸ ਦੇ ਪਿਤਾ ਦਾ ਦਿਹਾਂਤ ਹੋ ਗਿਆ ਤਾਂ ਉਹ ਘਰ ਘਾਟ ਛੱਡ ਕੇ ਬਨਾਰਸ ਆ ਗਿਆ ਜਿੱਥੇ ਉਸ ਨੇ ਇਕ ਵਿਦਿਆਲੇ ਵਿਚ ਸੰਸਕ੍ਰਿਤ ਪੜ੍ਹੀ। ਬਨਾਰਸ ਵਿਚ ਕ੍ਰਿਆਸ਼ੀਲ ਇਨਕਲਾਬੀ ਨੌਜਵਾਨਾਂ ਦੇ ਸੰਪਰਕ ਵਿਚ ਆਉਣ ਸਦਕਾ ਉਸ ਦੇ ਮਨ ਉੱਤੇ ਵੀ ਇਨਕਲਾਬੀ ਵਿਚਾਰਾਂ ਦੀ ਪਾਨ ਚੜ੍ਹ ਗਈ। ਪੇਟ ਪਾਲਣ ਖਾਤਰ ਉਹ ਮਿਉਂਸਪਲ ਸਕੂਲ ਵਿਚ ਡਰਿੱਲ ਮਾਸਟਰ ਲੱਗ ਗਿਆ ਅਤੇ ਵਿਹਲੇ ਸਮੇਂ ਵਿਚ ਨੌਜਵਾਨਾਂ ਨੂੰ ਲਾਠੀ ਅਤੇ ਬੰਦੂਕ ਚਲਾਉਣ ਦੀ ਸਿਖਲਾਈ ਦੇਣ ਲੱਗਾ। ਸੰਯੁਕਤ ਪ੍ਰਾਂਤਾਂ ਵਿਚ "ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ" ਦੇ ਕਰਤਾ ਧਰਤਾ ਸ੍ਰੀ ਸ਼ਿਵ ਵਰਮਾ ਦੀ ਮਾਰਫ਼ਤ ਉਹ 1928 ਵਿਚ ਭਗਤ ਸਿੰਘ, ਸੁਖਦੇਵ ਅਤੇ ਹੋਰਨਾਂ ਦੇ ਸੰਪਰਕ ਵਿਚ ਆਇਆ ਜਿਨ੍ਹਾਂ ਦੀ ਸੰਗਤ ਵਿਚੋਂ ਉਸ ਦੇ ਮਨ ਵਿਚ ਦੇਸ਼ ਲਈ ਕੁਰਬਾਨੀ ਕਰਨ ਦੀ ਭਾਵਨਾ ਸੁਦ੍ਰਿੜ ਹੋਈ। ਜਥੇਬੰਦੀ ਨੇ ਜਦ ਵੀ ਕੋਈ 'ਐਕਸ਼ਨ' ਕਰਨਾ ਹੁੰਦਾ, ਬਿਨਾਂ ਪੁੱਛੇ ਇਸ ਦੀ ਜ਼ਿੰਮੇਵਾਰੀ ਲੈਣ ਵਾਸਤੇ ਸਭ ਤੋਂ ਪਹਿਲਾਂ ਰਾਜਗੁਰੂ ਅੱਗੇ ਆਉਂਦਾ। ਇਸ ਪੱਖੋਂ ਉਸ ਨੂੰ ਭਗਤ ਸਿੰਘ ਨਾਲ ਪੂਰੀ ਈਰਖਾ ਸੀ ਕਿ ਕਿਧਰੇ ਭਗਤ ਸਿੰਘ ਕੁਰਬਾਨੀ ਵਿਚ ਉਸ ਨੂੰ ਪਿੱਛੇ ਨਾ ਛੱਡ ਜਾਵੇ। ਨਿਸ਼ਾਨੇਬਾਜ਼ੀ ਦਾ ਮਾਹਰ ਹੋਣ ਕਾਰਨ ਸਕਾਟ ਨੂੰ ਮਾਰਨ ਲਈ ਭਗਤ ਸਿੰਘ ਦੇ ਨਾਲ ਉਸ ਦੀ ਡਿਊਟੀ ਲਾਈ ਗਈ। ਮਿਥਿਆ ਇਹ ਗਿਆ ਸੀ ਕਿ ਗੋਲੀ ਚਲਾਉਣ ਦਾ ਕੰਮ ਭਗਤ ਸਿੰਘ ਕਰੇਗਾ ਅਤੇ ਸੁਰੱਖਿਆ ਛਤਰੀ ਬਣ ਕੇ ਰਾਜਗੁਰੂ ਉਸ ਦੀ ਰੱਖਿਆ ਕਰਨ ਵਾਸਤੇ ਨਾਲ ਰਹੇਗਾ ਪਰ ਇਸ ਫੈਸਲੇ ਦੇ ਬਾਵਜੂਦ ਉਸ ਨੇ ਭਗਤ ਸਿੰਘ ਵੱਲੋਂ ਨਿਸ਼ਾਨਾ ਸਾਧੇ ਜਾਣ ਤੋਂ ਪਹਿਲਾਂ ਹੀ 'ਸ਼ਿਕਾਰ' ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਭਾਰਤੀ ਜਨਤਾ ਨੂੰ "ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ" ਦੇ ਮੰਤਵਾਂ ਬਾਰੇ ਜਾਣਕਾਰੀ ਦੇਣ ਦਾ ਪਤੁੱਲ ਬਣਾਉਣ ਵਾਸਤੇ ਜਥੇਬੰਦੀ ਨੇ ਅਪ੍ਰੈਲ 1929 ਵਿਚ ਕੇਂਦਰੀ ਅਸੈਂਬਲੀ ਵਿਚ ਬੰਬ ਸੁੱਟੇ ਜਾਣ ਦਾ ਫੈਸਲਾ ਕੀਤਾ ਅਤੇ ਇਸ 'ਐਕਸ਼ਨ' ਲਈ ਭਗਤ ਸਿੰਘ ਦੀ ਚੋਣ ਕੀਤੀ ਤਾਂ ਜੋ ਮੁਕੱਦਮੇ ਦੇ ਦੌਰਾਨ ਭਗਤ ਸਿੰਘ ਆਪਣੇ ਬਿਆਨਾਂ ਰਾਹੀਂ ਜਨਤਾ ਨੂੰ ਜਥੇਬੰਦੀ ਦੇ ਟੀਚਿਆਂ ਬਾਰੇ ਜਾਗਰੂਕ ਕਰ ਸਕੇ। ਰਾਜਗੁਰੂ ਨੇ ਭਗਤ ਸਿੰਘ ਦੀ ਥਾਂ ਲੈਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਉਸ ਨੇ ਚੰਦਰ ਸ਼ੇਖਰ 'ਆਜ਼ਾਦ' ਅਤੇ ਦੂਜੇ ਸਾਥੀਆਂ ਨੂੰ ਆਪਣੇ ਬਾਰੇ ਸਹਿਮਤ ਕਰਨ ਲਈ ਕਿਹਾ ਕਿ ਭਗਤ ਸਿੰਘ ਨੇ ਅਦਾਲਤ ਵਿਚ ਜੋ ਬਿਆਨ ਦੇਣਾ ਹੈ, ਉਹ ਉਸ ਨੂੰ ਲਿਖ ਕੇ ਦੇ ਦਿੱਤਾ ਜਾਵੇ ਅਤੇ ਫਿਰ ਅਗਲੇ ਦਿਨ ਉਸ ਤੋਂ ਜ਼ੁਬਾਨੀ ਸੁਣ ਲਿਆ ਜਾਵੇ। ਜੇ ਕਰ ਉਹ ਇਸ ਬਿਆਨ ਵਿਚ ਕੋਮਾ, ਵਿਸਰਾਮ ਚਿੰਨ੍ਹ ਦੀ ਵੀ ਗਲਤੀ ਕਰੇ ਤਾਂ ਫਿਰ ਬੇਸ਼ੱਕ ਉਸ ਨੂੰ ਇਹ ਮੌਕਾ ਨਾ ਦਿੱਤਾ ਜਾਵੇ। ਪਰ ਮਾਮਲੇ ਦੀ ਨਜ਼ਾਕਤ ਨੂੰ ਵੇਖਦਿਆਂ ਆਗੂਆਂ ਨੇ ਉਸ ਦੀ ਗੱਲ ਸਵੀਕਾਰ ਨਾ ਕੀਤੀ।

ਰਾਜਗੁਰੂ ਦੀ ਕੁਰਬਾਨੀ ਲਈ ਸਦਾ ਤਤਪਰ ਰਹਿਣ ਦੀ ਇਸ ਭਾਵਨਾ ਬਾਰੇ "ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ" ਵਿਚ ਸਰਗਰਮ ਰਹੇ ਭਗਵਾਨ ਦਾਸ ਮਹੌਰ, ਸਦਾਸ਼ਿਵ ਰਾਵ ਮਲਕਾਪੁਰ ਨੇ ਲਿਖਿਆ ਹੈ, "ਇਵੇਂ ਲੱਗਦਾ ਹੈ ਕਿ ਫਾਂਸੀ ਦਾ ਤਖ਼ਤਾ ਡਿੱਗ ਜਾਣ ਤੋਂ ਬਾਅਦ, ਦਿਲ ਦੀ ਧੜਕਣ ਬੰਦ ਹੋਣ ਤੋਂ ਪਹਿਲਾਂ ਵੀ, ਜੇ ਕਰ ਰਾਜਗੁਰੂ ਫਾਂਸੀ ਵਾਲੀ ਕਾਲੀ ਟੋਪੀ ਤੋਂ ਬਾਹਰ ਅੱਖਾਂ ਖੋਲ੍ਹ ਕੇ ਇਕ ਵਾਰ ਵੇਖ ਸਕਦੇ, ਤਾਂ ਉਸ ਦੀਵਾਨੇ ਨੇ ਇਹ ਦੇਖਣ ਦੀ ਕੋਸ਼ਿਸ਼ ਕੀਤੀ ਹੁੰਦੀ ਕਿ ਕਿਤੇ ਭਗਤ ਸਿੰਘ ਮੇਰੇ ਤੋਂ ਪਹਿਲਾਂ ਹੀ ਤਾਂ ਨਹੀਂ .....। ਅਤੇ ਉਸ ਸਮੇਂ ਭਗਤ ਸਿੰਘ ਦੇ ਬੁੱਲ੍ਹਾਂ ਤੇ ਵੀ ਰਾਜਗੁਰੂ ਦਾ ਇਹ ਪਾਗਲਪਨ ਵੇਖ ਕੇ ਆਪਣੇ ਜੀਵਨ ਦੀ ਅੰਤਿਮ ਅਤੇ ਸਭ ਤੋਂ ਮਧੁਰ ਮੁਸਕਾਨ ਖਿੜ ਜਾਂਦੀ ਅਤੇ ਜੇ ਉਹ ਕਹਿ ਸਕਦੇ ਤਾਂ ਕਹਿੰਦੇ, "ਸ਼ੌਕੇ-ਸ਼ਹਾਦਤ ਤਾਂ ਸਾਨੂੰ ਸਾਰਿਆਂ ਨੂੰ ਰਿਹਾ ਹੈ ਭਾਈ, ਪਰ ਤੂੰ ਤਾਂ ਹੈਂ ਸੰਪੂਰਨ ਸ਼ੌਕੇ-ਸ਼ਹਾਦਤ। ਹਾਰ ਗਏ ਤੇਰੇ ਤੋਂ।"

ਨਿਰਸੰਦੇਹ, ਸ਼ਹੀਦਾਂ ਦੀ ਇਹ ਤਿੱਕੜੀ ਅਜ਼ੀਮ ਸੀ।

ਸੰਪਰਕ: 9417049417

Sri Satguru Jagjit Singh Ji Elibrary NamdhariElibrary@gmail com

"ਵਿਸਾਖੀ ਦੀ ਦੇਣ -ਆਜਾਦੀ"

ਲ- ਸਵਿੰਦਰ ਸਿੰਘ ਨਾਮਧਾਰੀ

ਵੈਸਾਖ ਗਰਮੀਆਂ ਦੀ ਸ਼ੁਰੂਆਤ ਵਿੱਚ ਆਉਂਦਾ ਹੈ। ਸੂਰਜੀ ਮਹੀਨੇ ਅਨੁਸਾਰ ਵਿਸਾਖੀ ਤੋਂ ਹੀ ਨਵੇਂ ਸਾਲ ਦਾ ਮੁੱਢ ਬੰਨਿਆਂ ਜਾਂਦਾ ਹੈ। ਵਿਸਾਖ ਦੇ ਮਹੀਨੇ ਵਿੱਚ ਹੀ ਕਿਸਾਨ ਆਪਣੀਆਂ ਪੱਕੀਆਂ ਫ਼ਸਲਾਂ ਦੀਆਂ ਵਾਢੀਆਂ ਕਰਦੇ ਹਨ। ਜਿਸ ਕਾਰਨ ਹਰ ਸ਼ਹਿਰ ਅਤੇ ਹਰ ਪਿੰਡ ਵਿੱਚ ਲੋਂਕੀ ਖੁਸ਼ੀਆਂ ਅਤੇ ਚਾਵਾਂ ਨਾਲ ਢੋਲ ਵਜਾਉਂਦੇ,ਨੱਚਦੇ ਟੱਪਦੇ,ਭੰਗੜਾ ਪਾਉਂਦੇ ਹੋਏ ਖੁਸ਼ੀਆਂ ਮਨਾਉਂਦੇ ਹਨ।

ਵੈਸਾਖ ਦੇ ਮਹੀਨੇ ਵਿੱਚ ਹੀ ਕੁੱਝ ਅਜਿਹੀਆਂ ਖਾਸ ਗੱਲਾਂ ਹੋਈਆਂ ਹਨ, ਜਿਸ ਕਾਰਨ ਇਸ ਮਹੀਨੇ ਨੂੰ ਕੁਝ ਅੱਡਰੀ ਹੀ ਵਿਸ਼ੇਸ਼ਤਾ ਦਿੱਤੀ ਜਾਂਦੀ ਹੈ ।ਇਸੇ ਮਹੀਨੇ ਨੇ ਉਹ ਵੀਰ ਸ਼ਿਪਾਹੀ ਪੈਦਾ ਕੀਤੇ, ਜਿਨ੍ਹਾਂ ਨੇ ਜ਼ਾਲਮ ਜ਼ਰਵਾਣਿਆਂ ਅਤੇ ਲੁਟੇਰਿਆਂ ਦੇ ਮੂੰਹ ਭੰਨ ਦਿੱਤੇ ਅਤੇ ਇਕ ਉਹ ਵੇਲਾ ਵੀ ਇਸੇ ਮਹੀਨੇ ਦੁਰਾਨ ਆਇਆ,ਜਿਸ ਤੋਂ ਸੰਤ ਸ਼ਿਪਾਹੀ ਪੈਦਾ ਹੋਏ। ਜਿਨ੍ਹਾਂ ਨੇ ਗਊ ਗਰੀਬ ਅਤੇ ਭਾਰਤ ਦੀ ਆਜ਼ਾਦੀ ਖ਼ਾਤਿਰ ਆਪਣੇ ਆਪ ਨੂੰ ਤੋਪਾਂ ਰਾਹੀਂ ਉਡਵਾਇਆ ਸੀ।

ਭਾਰਤ ਵਿੱਚ ਜਦੋਂ ਮੁਗਲਾਂ ਦਾ ਰਾਜ ਤਬਾਹੀ ਮਚਾ ਰਿਹਾ ਸੀ ਮੁਗਲ ਸਾਮਰਾਜ ਦਾ ਬਾਦਸ਼ਾਹ ਔਰੰਗਜੇਬ ਹਿੰਦੂ ਧਰਮ ਅਤੇ ਗ਼ੀਬਾਂ ਉੱਪਰ ਅਥਾਹ ਜ਼ੁਲਮ ਢਾਹ ਰਿਹਾ ਸੀ ,ਹਿਦੂਆਂ ਨੂੰ ਜਬਰੀ ਮੁਸਲਮਾਨ ਬਣਾਇਆ ਜਾ ਰਿਹਾ ਸੀ। ਇਕ ਪਾਸੇ ਹਕੂਮਤ ਜ਼ੁਲਮ ਕਮਾ ਰਹੀ ਸੀ, ਦੂਜੇ ਪਾਸੇ ਧਰਮ ਦੇ ਠੇਕੇਦਾਰ ਜੋ ਕਿ ਆਪਣੇ ਆਪਨੂੰ ਧਰਮੀਂ ਕਹਾਉਂਦੇ ਸਨ। ਉਹ ਕੌਣ ਸਨ? ਉਹ ਕੇਵਲ ਹਿੰਦੂ ਧਰਮ ਵਿੱਚ ਹੀ ਪੰਡਿਤ ਅਤੇ ਬ੍ਰਾਹਮਣ ਸਨ ਜੋਕਿ ਆਪਣੇ ਆਪਨੂੰ ਹੀ ਪ੍ਰਭੂ ਰੂਪ ਦਰਸਾਕੇ ਅਨਜਾਣ ਅਤੇ ਸਿੱਦੇ ਸਾਧੇ ਲੋਕਾਂ ਨੂੰ ਠੱਗਕੇ ਰਿਤੀ ਰਿਵਾਜ਼ਾਂ ਵਿੱਚ ਫਸਾਕੇ ਧਨ ਇਕੱਠਾ ਕਰ ਰਹੇ ਸੀ। ਜਿਨ੍ਹਾਂ ਬਾਰੇ ਇਕ ਸਿਆਣੇ ਲਿਖਾਰੀ ਦੇ ਇਹ ਅੱਖਰ ਹਨ ਕਿ:--

"ਜਿਸ ਤਰ੍ਹਾਂ ਬੇੜੀ ਦੇ ਆਸਰੇ ਆਦਮੀ ਦਰਿਆ ਪਾਰ ਕਰਦਾ ਹੈ ਇਸੇ ਤਰ੍ਹਾਂ ਧਰਮ ਦੇ ਆਸਰੇ ਮਨੁੱਖ ਸੰਸਾਰ ਸਾਗਰ ਪਾਰ ਕਰ ਲੈਂਦਾ ਹੈ। ਪਰ ਦਰਿਆ ਪਾਰ ਕਰਨ ਵੇਲੇ ਜੇਕਰ ਉਹ ਬੇੜੀ ਨੂੰ ਸਿਰ ਉਤੇ ਚੱਕ ਲਵੇ ਤਾਂ ਉਹ ਆਪ ਤਾਂ ਡੁਬੇਗਾ ਹੀ ਪਰਤੂੰ ਨਾਲ ਦਿਆਂ ਨੂੰ ਵੀ ਲੈ ਡੁਬੇਗਾ। ਇਸੇ ਤਰਾਂ ਜੇ ਕੋਈ ਆਦਮੀ ਧਰਮ ਦੇ ਨਿਯਮਾਂ ਤੇ ਚਲੇ ਬਿਨ੍ਹਾਂ ਆਪਣੇ ਆਪ ਨੂੰ ਧਰਮੀ ਕਹਾਉਂਦਾਂ ਹੈ ਤਾਂ ਉਸਨੂੰ ਫਰੇਬੀ ਹੀ ਕਿਹਾ ਜਾਵੇਗਾ।

ਧਰਮਾਤਮਾਂ ਧਰਮ ਦੀ ਪਾਲਨਾਂ ਕਰਨ ਵਾਲੇ ਨੂੰ ਕਿਹਾ ਜਾਦਾਂ ਹੈ,ਨਾ ਕਿ ਧਰਮ ਦੇ ਨਾਂ ਦਾ ਬਿੱਲਾ ਲਾਉਣ ਵਾਲੇ ਨੂੰ। ਸੋ ਇਸ ਤਰ੍ਹਾਂ ਦੇ ਪੰਖਡੀ ਬ੍ਰਾਹਮਣਾਂ ਅਤੇ ਪੰਡਿਤਾਂ ਬਾਰੇ ਭਾਈ ਗੁਰਦਾਸ ਜੀ ਫ਼ੁਰਮਾਂਦੇ ਹਨ:-

"ਭਈ ਗਿਲਾਨਿ ਜਗਤ ਵਿਚਿ,ਚਾਰਿ ਵਰਨ ਆਸ੍ਰਮ ਉਪਾਏ।

ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।

ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।

ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।

ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।

ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।

ਇਕਸਿ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਘਣੇ ਦਿਖਾਏ।

ਕਲਿਜੁਗਿ ਅੰਦਰਿ ਭਰਮਿ ਭੁਲਾਏ"। (ਵਾਰ ਪਹਿਲੀ - ਪਉੜੀ 19ਵੀਂ)

ਅਤੇ ਔਰੰਗਜੇਬ ਜੁਲਮੀਂ ਬਾਦਸ਼ਾਹ ਵਰਗਿਆਂ ਵਾਸਤੇ ਇਸ ਤਰ੍ਹਾਂ ਲਿਖਿਆ ਹੈ:--

ਰਾਜੇ ਪਾਪ ਕਮਾਵਦੇ,

ਉਲਟੀ ਵਾੜ ਖੇਤ ਕਉ ਖਾਈ"।

(ਵਾਰ-1,ਪਉੜੀ 30)

ਇਨਾਂ ਪਖੰਡੀਆਂ ਧਰਮੀਆਂ ਅਤੇ ਰਾਜਿਆਂ ਕਾਰਨ ਉਸ ਵੇਲੇ ਹਰ ਪਾਸੇ ਭ੍ਰਿਸਟਾਚਾਰੀ, ਅਗਿਆਨਤਾ ਅਤੇ ਜ਼ੁਲਮ ਹੀ ਜ਼ੁਲਮ ਫੈਲਿਆ ਸੀ ਤਾਂ ਉਸ ਵੇਲੇ ਦੀ ਹੋਂਦ ਨੂੰ ਪਰਖ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਜ਼ੁਲਮ ਦਾ ਟਾਕਰਾ ਕਰਨ ਲਈ ਇਨਾਂ ਰਿਤੀ-ਰਿਵਾਜਾਂ ਅਤੇ

Sri Satguru Jagjit Singh Ji Elibrary NamdhariElibrary@gmail com

ਅਤਿਆਚਾਰ ਨੂੰ ਮਿਟਾਉਣ ਲਈ 'ਖਾਲਸਾ ਪੰਥ', ਸਜਾਉਣਾਂ ਪਿਆ। ਇਹ ਖਾਲਸਾ ਪੰਥ ਕਦੋਂ ਸਾਜਿਆ?

ਇਹ ਵਿਸਾਖੀ ਦਾ ਦਿਨ ਸੁਭਾਗਾਂ ਭਰਿਆ ਚੜਿਆ ਸੀ। ਜਿਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਸੰਮਤ 1756 ਵਿਸਾਖ ਦੇ ਮਹੀਨੇ "ਪੰਜ ਪਿਆਰੇ"ਚੁਣਕੇ ਖਾਲਸਾ ਪੰਥ ਸਜਾਇਆ ਅਤੇ ਚਿੜਿਆਂ ਤੋਂ ਬਾਜ਼ ਤੁੜਵਾਉਣ ਵਾਲੀ "ਕਹਾਵਤ ਨੂੰ ਪੂਰਾ ਕਰ ਵਿਖਾਇਆ। ਜਦ ਵਿਸਾਖੀ ਤੇ ਅੰਮ੍ਰਿਤ ਛਕਾਇਆ ਤਾਂ ਇਕ- ਇਕ ਸਿਖ- ਹਜਾਰਾਂ ਦੇ ਨਾਲ ਜੰਗ ਕਰਨ ਲਈ ਤਿਆਰ ਹੋ ਗਿਆ। ਇਸ ਬਾਬਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਵੀ ਹੈ:--

"ਸਵਾ ਲਾਖ ਸੇ ਏਕ ਲੜਾਊਂ ,ਤਬੀ ਗੋਬਿੰਦ ਸਿੰਘ ਨਾਮ ਕਹਾਊਂ"।

ਬਸ ਫਿਰ ਕੀ ਇਸੇ ਵਿਸਾਖੀ ਤੋਂ ਸ਼ੁਰੂ ਹੋਇਆ ਖਾਲਸਾ ਪੰਥ ਚੜ੍ਹਦੀਆਂ ਕਲਾਂ'ਚ ਰਹਿਣ ਲਗ ਪਿਆ। ਖਾਲਸੇ ਨੇ ਮੁਗਲੀ ਫੌਜਾਂ ਦੇ ਦੰਦ ਖੱਟੇ ਕੀਤੇ। ਇਹ ਉਹ ਖਾਲਸਾ ਸੀ, ਜਿਸ ਬਾਬਤ ਜਕਰੀਆ ਖਾਨ ਨੇ ਨਾਦਰਸ਼ਾਹ ਦੇ ਪੁੱਛਣ ਤੇ ਕਿਹਾ ਸੀ ਕਿ ;-- ਸਿਖਾਂ ਦਾ ਜੰਗਲ ਹੀ ਮੁਲਕ ਹੈ, ਇਹ ਘੋੜਿਆਂ ਦੀਆਂ ਕਾਠੀਆਂ ਨੂੰ ਹੀ ਘਰ ਸਮਝਦੇ ਹਨ,ਅਤੇ ਸੌਂਦੇ ਵੀ ਇਥੇ ਹੀ ਹਨ। ਤੁਰਦੇ ਤੁਰਦੇ ਹੀ ਖਾਂਦੇ ਹਨ,ਨਾ ਹੀ ਸਿਆਲਾਂ ਨੂੰ ਅੱਗ ਸੇਕਦੇ ਹਨ ਅਤੇ ਨਾ ਹੀ ਹਾੜ ਵਿੱਚ ਪਾਣੀ ਭਾਲਦੇ ਹਨ। ਅਸੀਂ ਇਨ੍ਹਾਂ ਨੂੰ ਦੁੱਖ ਦੇ ਕੇ ਮਾਰਦੇ ਹਾਂ ਪਰਤੂੰ ਇਹ ਅੱਲਾ ਤਾਲਾ ਦਾ ਭਾਣਾ ਮੰਨਦੇ ਹਨ। ਭੁੱਜੇ ਦਾਣੇ ਖਾ ਕੇ ਗੁਜ਼ਾਰਾ ਕਰਦੇ ਹਨ,ਭੁੱਖੇ ਭਾਣੇ ਹੀ ਜੰਗ ਕਰਦੇ ਹਨ। ਇਕ-ਇਕ ਸਿੱਖ ਵੀ ਹਜਾਰਾਂ ਲੱਖਾਂ ਨਾਲ ਲੜਨ ਲਈ ਤਿਆਰ ਹੋ ਜਾਦਾਂ ਹੈ। ਅਤੇ ਮੌਤ ਤੋਂ ਕਦੀ ਡਰਦੇ ਨਹੀਂ । ਅਸੀਂ ਇਨ੍ਹਾਂ ਨੂੰ ਮਾਰ-ਮਾਰ ਕੇ ਥੱਕ ਜਾਂਦੇ ਹਾਂ, ਪਰਤੂੰ ਇਹ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰੀ ਹੀ ਜਾਂਦੇ ਹਨ।

ਇਹੋ ਜਿਹੀਆਂ ਸਤਿਗੁਰਾਂ ਰਾਹੀਂ ਬਖ਼ਸ਼ੀਆਂ ਤਾਕਤਾਂ ਵਾਲੇ ਸਿੱਖ ਸਨ। ਜਿਨ੍ਹਾਂ ਦੇ ਉਪਰਲੇ ਵਿਚਾਰ ਸਨ । ਉਹੋ ਹੀ ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਐਸ਼-ਪ੍ਰਸ਼ਤ ਬਣ ਗਏ,ਖਾਲਸੇ ਦਾ ਰੰਗ ਰੂਪ ਹੀ ਬਦਲ ਗਿਆ। ਮਾਸ ਸ਼ਰਾਬ ,ਖਾਣਾ ਪੀਣਾ, ਅਤੇ ਵੇਸਵਾ ਗਮਨ -ਇਨਾਂ ਦੀਆਂ ਰਹੁ ਰੀਤੀਆਂ ਵਿੱਚ ਰਲ ਮਿਲ ਗਇਆਂ। ਦਇਆ,ਧਰਮ, ਅਤੇ ਗੁਰਸਿੱਖੀ ਦੀ ਮਰਿਆਦਾ ਨੂੰ ਇਨ੍ਹਾਂ ਨੇ ਛਿੱਕੇ ਤੇ ਟੰਗ ਦਿਤਾ। ਸਤਿਗੁਰਾਂ ਦੀ ਦਸੀ ਮਰਿਆਦਾ ਦਾ ਸਿੱਖਾਂ ਨੇ ਅਜਿਹਾ ਘਾਣ ਕੀਤਾ,ਕਿ ਆਪਣੀਆਂ ਜੀਭਾਂ ਦੇ ਸੁਆਦਾਂ ਦੇ ਬਦਲੇ ਗੁਰੂਆਂ ਨੂੰ ਵੀ ਮਾਸ਼ਾਹਾਰੀ ਬਨਾਣ ਤੋਂ ਵੀ ਸੰਕੋਚ ਨਹੀਂ ਕਰਦੇ ਸਨ। ਕਈਆਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ -ਸਤਿਗੁਰਾਂ ਨੇ ਪੰਜ ਪਿਆਰੇ ਨਹੀਂ ਬਲਕਿ ਪੰਜ ਬਕਰੇ ਝਟਕਾਏ ਸਨ ਅਤੇ ਗੁਰੂ ਸਾਹਿਬਾਨ (ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ) ਸ਼ਿਕਾਰ ਕਰਕੇ ਮਾਸ ਦਾ ਸੇਵਨ ਕਰਦੇ ਸਨ। ਇਸ ਤਰ੍ਹਾਂ ਦੇ ਹਲਾਤਾਂ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ ਹੈ :--" ਬਾਝੁ ਦਇਆ ਬਲਹੀਣ ਹੋਇ ਨਿਘਰ ਚਲੇ ਰਸਾਤਲਿ ਟੋਆ"।

ਫਿਰ ਕੀ ਸੀ ਇਹ ਹਾਲਤ ਸਿਖਾਂ ਦੀ ਜਦ ਵੇਖੀ ਅੰਗਰੇਜ ਨੇ ਪੰਜਾਬ ਵਿਚ ਆਪਣਾ ਕਬਜਾ ਕਰਨ ਲਈ- ਸਿੱਖਾਂ ਵਿੱਚ ਫੁੱਟ ਪੁਆ ਦਿਤੀ ,ਅਤੇ ਆਪਣਾ ਰਾਜ ਸਥਾਪਤ ਕਰਕੇ ਜ਼ੁਲਮ ਸ਼ੁਰੂ ਕਰ ਦਿੱਤੇ।

ਇਸ ਤਰਾਂ ਦੀ ਹਾਲਤ ਵੇਖ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਫਿਰ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਆਦਾ ਨੂੰ ਫੈਲਾਉਣ ਦੇ ਲਈ ਅਤੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਵਿਸਾਖੀ ਵਾਲੇ ਦਿਨ ਹੀ 1914 ਬਿ.ਮੁਤਾਬਿਕ 12 ਅਪ੍ਰੈਲ 1857 ਨੂੰ ਪੰਜਾ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਸ਼ਿਪਾਹੀ ਬਣਾ ਦਿੱਤਾ। ਨਾਮਧਾਰੀ ਪੰਥ ਦੀ ਸਥਾਪਣਾ ਕਰ ਦਿਤੀ। ਸਤਿਗੁਰੂ ਰਾਮ ਸਿੰਘ ਜੀ ਨੇ ਦਸਮ ਪਾਤਸ਼ਾਹ ਜੀ ਦੀ ਮਰਿਆਦਾ ਦਸਕੇ ਘਰ-ਘਰ, ਪਿੰਡ-ਪਿੰਡ ਜਾ ਕੇ ਦਇਆ ,ਧਰਮ, ਸਤ-ਸੰਤੋਖ, ਸੁੱਚ ਸੋਧ, ਅਤੇ ਗੁਲਾਮੀ ਦੀਆਂ ਜੰਜੀਰਾਂ ਤੋਂ ਛੁਟਕਾਰਾ ਪੁਆਉਣ ਲਈ, ਅਤੇ ਆਜਾਦੀ ਪ੍ਰਾਪਤ ਕਰਨ ਲਈ ਪ੍ਰਚਾਰ ਸ਼ੁਰੂ ਕੀਤਾ। ਜਿਵੇਂ ਜਿਵੇਂ ਇਹ ਪ੍ਰਚਾਰ ਹੋਇਆ ਤਿਉਂ-ਤਿਉਂ ਅਨੇਕ ਮਾਨੁੱਖ ਸੰਤ-ਸ਼ਿਪਾਹੀ ਬਣਦੇ ਗਏ। ਇਸ ਪ੍ਰਥਾਏ ਪੰਥ -ਪ੍ਰਕਾਸ਼ ਵਿੱਚ ਇਉਂ ਲਿਖਿਆ ਹੈ:--

"ਫੈਲਿਯੋ ਜਸ ਭਾਰੀ ਸਿਖ ਥੀਏ ਤਾਂਹਿ ਕੇ ਆਪਾਰੀ,
ਸਿੰਘ ਪੰਥ ਬ੍ਰਿਧਾਯੋਨਾਮ ਰਸ ਪਾਗਿਯੋ ।
ਹੁੱਕੇ ਛਡਵਾਏ ਰਖਵਾਏ ਕੇਸ ਮੋਨਿਯੋਂ ਕੇ,
ਸੁਧਾ ਛਕ ਥਾਏ, ਸਿੰਘ ਭਾਗ ਜਿਨੇ ਜਾਗਿਯੋ।
ਫੀਮ ਭੰਗ ਪੋਸ਼ਤ ਸ਼ਰਾਬ ਮਾਸ ਚੋਰੀ ਯਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆਗਿਯੋ"।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਫਿਰ ਅੰਗਰੇਜ਼ ਵਿਰੁੱਧ ਪੂਰਨ ਬਾਈਕਾਟ ਕਰ ਦਿਤਾ । ਸਤਿਗੁਰਾਂ ਹੁਕਮ ਕਰ ਦਿੱਤਾ ਕਿ -ਵਿਦੇਸ਼ੀ ਕਪੜਾ ,ਰੇਲ ਯਾਤਰਾ, ਡਾਕ ਤਾਰ,ਸਰਕਾਰੀ ਸਕੂਲ ਅਤੇ ਕਚਹਿਰੀਆਂ ਦਾ ਬਿਲਕੁਲ

Sri Satguru Jagjit Singh Ji Elibrary NamdhariElibrary@gmail com

ਪ੍ਰਯੋਗ ਨਾ ਕਰੋ ਅਤੇ ਇਸ ਦੇ ਉਲਟ,ਡਾਕ-ਤਾਰ ਦਾ ਪ੍ਰੋਗਰਾਮ ਆਪਣੇ ਸਕੂਲ ਆਦਿ ਅਪਣੇ ਮੁਕਦੱਮੇ ਤੇ ਝਗੜੇ ਵੀ ਆਪ ਹੀ ਨਿਬੇੜਨ ਦਾ ਕੰਮ ਸ਼ੁਰੂ ਕਰਵਾਕੇ ਮੁੜਕੇ ਸਿੱਖ ਪੰਥ ਨੂੰ ਸੁਰਜੀਤ ਕਰ ਦਿਤਾ।ਜਿਸਨੂੰ ਵੇਖਕੇ ਅੰਗਰੇਜ ਹਕੂਮਤ ਘਬਰਾ ਗਈ।

ਫਿਰ ਸਮਾਂ ਅਜਿਹਾ ਵੀ ਆਇਆ ਕਿ ਨਾਮਧਾਰੀਆਂ ਨੂੰ ਗਊ-ਗ਼ੀਬ ਦੇ ਬਦਲੇ ਲੜਾਈਆਂ ਕਰਨੀਆਂ ਪਈਆਂ ਅਤੇ ਅਣੇਕਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ।ਇਤੇ ਹੀ ਬਸ ਨਹੀਂ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਦੇਸ ਦੀ ਆਜਾਦੀ ਬਦਲੇ ਦੇਸ਼ ਨਿਕਾਲਾ ਦੇ ਦਿੱਤਾ ਗਿਆ।

ਇਸ ਤਰ੍ਹਾਂ ਨਾਮਧਾਰੀ ਪੰਥ ਆਜਾਦੀ ਦੀ ਲੜਾਈ ਦਾ ਜਨਮਦਾਤਾ ਸਿਧ ਹੋਇਆ।ਜਿਸਨੇ ਆਪਣੀ ਹੋਂਦ ਵਿੱਚ ਵਿਸਾਖੀ ਨੂੰ ਇੱਜਤ ਬਖਸ਼ੀ।
ਫਿਰ ਅੱਗੇ ਜਾਕੇ ਇਸ ਵਿਸਾਖੀ ਦੇ ਦਿਹਾੜੇ ਨੂੰ ਇਕ ਹੋਰ ਆਜਾਦੀ ਦੇ ਲਈ ਖੂਨੀ-ਤੋਹਫਾ ਮਿਲਿਆ।ਇਹ ਤੋਹਫਾ 1919 ਈ. ਦੀ ਵਿਸਾਖੀ ਨੂੰ ਜਲਿਆਂ ਵਾਲੇ ਬਾਗ ਦੇ ਹਤਿਆ ਕਾਂਡ ਤੋਂ ਪ੍ਰਾਪਤ ਹੋਇਆ।

ਇਹ ਉਹ ਵੇਲਾ ਸੀ,ਜਦੋਂ ਅੰਗਰੇਜ਼ ਨੇ ਹਿੰਦੂ - ਸਿੱਖਾਂ ਅਤੇ ਮੁਸਲਮਾਨਾਂ ਵਿੱਚ "ਪਾੜੋ ਅਤੇ ਰਾਜ ਕਰੋ"ਦੀ ਕੁਟਿਲ ਨੀਤੀ ਵਰਤਕੇ,ਜੰਗ ਕੀਤੀ ਜਿਸ ਵਿੱਚ ਕੁਝ ਕੂ ਗਦਾਰ ਸਿੱਖਾਂ ਦੀ ਮੱਦਦ ਨਾਲ ਅੰਗਰੇਜ਼ ਕਾਮਯਾਬ ਹੋਇਆ।ਭਾਰਤ ਵਾਸੀਆਂ ਤੋਂਇਸ ਜੰਗ ਦੁਰਾਨ ਅੰਗਰੇਜ ਨੇ ਮੱਦਦ ਲੈਣ ਵੇਲੇ ਕਿਹਾ ਕਿ "ਹੋਮ ਰੂਲ"ਸੁਰੂ ਕਰ ਦਿਤਾ ਜਾਵੇਗਾ।ਜਿਸ ਵਿੱਚ ਹਰ ਭਾਰਤੀ ਸੁੱਖੀ ਵਸੇਗਾ।

ਫਿਰ ਜਦੋਂ ਅੰਗਰੇਜ ਕਾਮਯਾਬ ਹੋ ਗਿਆ ਤਾਂ "ਹੋਮ ਰੂਲ" ਦੀ ਥਾਂ ਉਸਨੇ "ਰੌਲਟ ਐਕਟ"ਸ਼ੁਰੂ ਕਰ ਦਿਤਾ।ਜਿਸ ਨਾਲ ਬਿਨਾਂ ਕਾਰਨ ਤੋਂ ਹੀ ਬੇਦੋਸ਼ੇ ਲੋਕਾਂ ਤੇ ਜ਼ੁਲਮ ਕੀਤੇ ਜਾ ਸਕਦੇ ਸੀ।ਇਸ ਰੌਲਟ ਐਕਟ ਤੋਂ ਪੰਜਾਬ 'ਚ ਐਸੀ ਅੱਗ ਭੜਕੀ ਕਿ ਉਹ ਅੰਗਰੇਜੀ ਰਾਜ ਦੇ ਵਿਰੁੱਧ ਟੱਕਰ ਲੈਣ ਲਈ ਤਿਆਰ ਹੋ ਗਈ। ਹੜਤਾਲਾਂ ਜਲਸੇ ਅਤੇ ਜਲੂਸ ਆਦਿ ਕਢਣੇ ਸ਼ੁਰੂ ਕਰ ਦਿੱਤੇ।ਕਿਸੇ ਕਿਸੇ ਥਾਂ ਪੁਲਸ ਨਾਲ ਵੀ ਟੱਕਰਾਂ ਸ਼ੁਰੂ ਹੋਈਆਂ ਜਿਸ ਕਾਰਨ ਕਈਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ।ਇਸੇ ਰੌਲਟ ਐਕਟ ਨੇ ਹਿੰਦੂ ਸਿਖਾਂ ਅਤੇ ਮੁਸਲਮਾਨਾਂ ਨੂੰ ਫਿਰ ਤੋਂ ਇਕ ਦੂਜੇ ਦੇ ਨੇੜੇ ਲੈ ਆਂਦਾ।

ਅੰਮ੍ਰਿਤਸਰ ਵਿੱਚ ਇਸ ਜ਼ੋਸ ਨੇ ਡਾ.ਕਿਚਲੂ ਅਤੇ ਡਾ. ਸਤਿਆਪਾਲ ਨਾਲ ਮਿਲਕੇ ਤੂਫਾਨ ਦਾ ਰੂਪ ਧਾਰਨ ਕਰ ਲਿਆ।ਹਰ ਪਾਸੇ ਗਦਰ ਫੈਲਣਾ ਸ਼ੁਰੂ ਹੋ ਗਿਆ। ਜਿਸ ਦਾ ਅਸਰ ਇਹ ਹੋਇਆ ਕਿ ਬਸਾਂ, ਸਰਕਾਰੀ ਇਮਾਰਤਾਂ, ਇਮੰਪੀਰਿਅਲ ਬੈਂਕ, ਟਾਉਣ ਹਾਲ, ਸਰਕਾਰੀ ਸਕੂਲ ਅਤੇ ਸਟੇਸ਼ਨ ਆਦਿ ਕਈ ਥਾਂਵਾਂ ਤੇ ਸੜ੍ਹ ਕੇ ਸੁਆਹ ਹੋਣੇ ਸ਼ੁਰੂ ਹੋ ਗਏ।ਫਿਰ ਜੋ ਵੀ ਅੰਗਰੇਜ ਇਨ੍ਹਾਂ ਗਦਰੀ ਭਾਰਤੀਆਂ ਦੇ ਹੱਥ ਆਇਆ ਉਹ ਮਾਰ ਮੁਕਾਇਆ।

ਇਸ ਤੂਫਾਨੀ ਹੜ੍ਹ ਨੂੰ ਰੋਕਣ ਲਈ ਅੰਗਰੇਜ਼ੀ ਹਕੂਮਤ ਨੇ ਸ਼ਹਿਰ ਨੂੰ ਫ਼ੌਜ ਦੇ ਹਵਾਲੇ ਕਰ ਦਿਤਾ।ਗ੍ਰਿਫਤਾਰੀਆਂ ਹੋਣੀਆਂ ਸ਼ੁਰੂ ਹੋ ਗਈਆਂ। ਮਾਰਸ਼ਲ ਲਾਅ ਲਾਗੂ ਕਰ ਦਿੱਤਾ ਗਿਆ। ਦਫਾ 144 ਅਤੇ ਕਰਫਿਊ ਆਰਡਰ ਲਗਾਣੇ ਸ਼ੁਰੂ ਕਰ ਦਿਤੇ ।ਇਨ੍ਹਾਂ ਪਾਬੰਦੀਆਂ ਦੀ ਵੀ ਕੋਈ ਪ੍ਰਵਾਹ ਕੀਤੇ ਬਿਨਾਂ ਜਲਿਆਂ ਵਾਲੇ ਬਾਗ ਵਿੱਚ ਵਿਸਾਖੀ ਵਾਲੇ ਦਿਨ ਇਕ ਵਿਸਾਖ 1976 ਬਿ. ਮੁਤਾਬਿਕ 13 ਅਪ੍ਰੈਲ 1919 ਵਿੱਚ ਇਕ ਭਾਰੀ ਜਲਸਾ ਕੀਤਾ। ਜਿਸ ਵਿੱਚ ਹਿੰਦੂ, ਸਿੱਖ- ਮੁਸਲਮਾਨਾਂ ਨੇ 50 ਹਜਾਰ ਦੀ ਗਿਣਤੀ ਵਿੱਚ ਹਿਸਾ ਲਿਆ।

ਜਨਰਲ ਡਾਇਰ ਆਪਣੀ ਫ਼ੌਜ ਲੈਕੇ ਜਲਿਆਂ ਵਾਲੇ ਬਾਗ ਵਿੱਚ ਪਹੁੰਚ ਗਿਆ। ਬਿਨਾਂ ਕੁਝ ਵੇਖੇ ਨਿਹੱਥੇ ਲੋਕਾਂ ਤੇ ਗੋਲੀਆਂ ਦੀ ਬੁਸ਼ਾਰ ਸੁਰੂ ਕਰ ਦਿਤੀ। ਹਜਾਰਾਂ ਹੀ ਲੋਕ ਜੋ ਦੇਸ਼ ਨੂੰ ਆਜ਼ਾਦ ਕਰਾਉਣ ਬਾਰੇ ਦੇਸ਼ ਭਗਤਾਂ ਦੇ ਵਿਚਾਰ ਸੁਣ ਰਹੇ ਸੀ, ਬੇਦੋਸ਼ੇ ਹੀ ਮਾਰੇ ਗਏ।ਅਨੇਕਾਂ ਹੀ ਜਖ਼ਮੀ ਹੋ ਗਏ। ਸੋ ਇਹ ਘਲੂਘਾਰਾ ਵੀ ਵਿਸਾਖੀ ਵਾਲੇ ਦਿਨ ਹੀ ਵਾਪਰਿਆ।ਅੰਗਰੇਜੀ ਰਾਜ ਦੇ ਖਾਤਮੇ ਲਈ ਹੀ ਕਰਤਾਰ ਸਿੰਘ ਸਰਾਭਾ ,ਭਗਤ ਸਿੰਘ, ਸੁਖਦੇਵ ,ਰਾਜਗੁਰੂ ਆਦਿ ਕਈ ਸ਼ਹੀਦੀਆਂ ਪਾ ਗਏ। ਅੰਤ ਨੂੰ ਹਾਰ ਕੇ ਅੰਗਰੇਜ਼ ਸਰਕਾਰ ਨੂੰ ਭਾਰਤ ਦੇਸ਼ ਛੱਡਨਾਂ ਪਿਆ ਅਤੇ 15 ਅਗਸਤ 1947ਈ. ਨੂੰ ਭਾਰਤ ਦੇਸ਼ ਆਜਾਦ ਹੋਇਆ।

ਇਸ ਤਰ੍ਹਾਂ ਇਹੋ ਜਿਹੇ ਇਤਿਹਾਸਕ ਕਾਰਨਾਮੇ ਜੋ ਕਿ ਵਿਸਾਖੀ ਵਾਲੇ ਦਿਨ ਹੀ ਵਾਪਰੇ ਤਾਂ ਇਸੇ ਲਈ ਹੀ ਆਜਾਦੀ ਦੀ ਦੇਣ ਦਾ ਇਕ ਅੰਗ -ਵਿਸਾਖੀ ਨੂੰ ਹੀ ਸਮਝਿਆ ਜਾਂਦਾ ਹੈ।

ਸੰਪ:88378-10603

Sri Satguru Jagjit Singh Ji Elibrary NamdhariElibrary@gmail com

ਭੁੱਜੇ ਦਾਣੇ ਬੀਜੋ

ਲ- ਮਾ. ਨਿਹਾਲ ਸਿੰਘ

"ਰੱਬ ਦੇ ਨਾਉਂ ਦਾ ਪੈਸਾ, ਗੁਰੂ ਦੇ ਨਾਉਂ ਦਾ ਪੈਸਾ ! ਬਾਬੇ ਹਜਰੋਂ ਵਾਲੇ ਦੇ ਨਾਉਂ ਦਾ ਪੈਸਾ !! ਕੋਈ ਦਾਨੀ ਦਾਨ ਕਰੇ। ਇਹਨਾਂ ਸ਼ਬਦਾਂ ਨਾਲ ਇਕ ਫ਼ਕੀਰ ਹਜਰੋਂ ਸਾਹਿਬ ਦੇ ਬਾਜ਼ਾਰ ਵਿਚ ਦੀ ਲੰਘਿਆ। ਕਿਸੇ ਹੱਥ ਦੇ ਇਸ਼ਾਰੇ ਨਾਲ, ਅਗਲੇ ਘਰ ਦਾ ਰਾਹ ਵਿਖਾ ਦਿੱਤਾ। ਇਕ ਭਲੇ ਲੋਕ ਨੇ ਕਿਹਾ, "ਭਾਈ ਪਰਸ਼ਾਦ ਛਕ ਲੈ ਪੈਸੇ ਇਕੱਠੇ ਕਰ ਕੀ ਕਰੇਂਗਾ ?"

ਬਾਬਾ ਜੀ ! ਸਰਦੀਆਂ ਆ ਰਹੀਆਂ ਨੇ, ਕੁਰੇ ਦੀ ਲੋੜ ਏ, ਜੇ ਮਿਲ ਜਾਵੇ, ਹੋਰ ਸਾਨੂੰ ਫ਼ਕੀਰਾਂ ਨੂੰ ਪੈਸਿਆਂ ਦੀ ਕੀ ਲੋੜ । ਫ਼ਕੀਰ ਨੇ ਉੱਤਰ ਦਿੱਤਾ, "ਤੇਰਾ ਕੰਮ ਏਥੇ ਨਹੀਂ ਬਣਨਾ, ਨਗਰ ਦੇ ਬਾਹਰ ਇਕ ਬਗੀਚੀ ਏ, ਬਗੀਚੀ ਵੀ ਉਹ ਜਿਹਤੀ ਅਰਸ਼ਾਂ ਤੋਂ ਉਤਰੀ ਏ । ਓਥੇ ਨਿਰੰਕਾਰ ਦਾ ਰੂਪ, ਗੁਰੂ ਬਾਲਕ ਸਿੰਘ ਜੀ, ਸੰਗਤਾਂ ਨੂੰ ਦਰਸ਼ਨ ਦੇ ਰਹੇ ਨੇ । ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦੇ ਨੇ, ਸੰਸਾਰ ਵਿਚ ਰੁੜ ਰਹੇ ਜੀਆਂ ਨੂੰ ਭਵਜਲੋਂ ਪਾਰ ਕਰਦੇ ਨੇ, ਅੰਨ੍ਹਿਆਂ ਨੂੰ ਚਾਨਣ ਬਖ਼ਸ਼ਦੇ ਨੇ, ਗੂੰਗਿਆਂ ਨੂੰ ਬੋਲ ਤੇ ਬੋਲਿਆਂ ਨੂੰ ਸੁਣਨ ਦੀ ਤਾਕਤ ਦੇਂਦੇ ਨੇ । ਉਹ ਹੱਟੀ ਹਰ ਵੇਲੇ ਖੁੱਲ੍ਹੀ ਰਹਿੰਦੀ ਏ, ਉਸ ਦੇ ਬੂਹੇ ਕਦੇ ਬੰਦ ਨਹੀਂ ਹੁੰਦੇ, ਤੂੰ ਵੀ ਓਥੇ ਜਾ, ਜੋ ਮੂੰਹੋਂ ਮੰਗੇਗਾ ਪਾਏਂਗਾ।" ਗਲੀ ਵਿਚੋਂ ਲੰਘਦੇ ਇਕ ਭਲੇ ਲੋਕ ਨੇ ਕਿਹਾ, "ਨਾਲੇ ਵੇਖੀ ਉਹ ਬਗੀਚੀ ਨਗਰੋਂ ਬਾਹਰ ਏ, ਇਸ ਮੋੜ ਤੋਂ ਸਜੇ ਹੱਥ ਮੁੜਨਾ, ਫੇਰ ਦੂਜੇ ਬੰਨੇ, ਖੱਬੇ, ਉਸ ਤੋਂ ਸਿੱਧੀ ਅੱਗੇ ਬਗੀਚੀ ਏ, ਉਹ ਗੁਰੂ ਬਾਬਾ ਅਣਮੰਗਿਆ ਦਾਨ ਦੇਂਦਾ ਏ, ਉਹ ਉਣ ਭਰਦਾ ਏ, ਨਿਸ਼ੰਗ ਹੋ ਕੇ ਜਾ।"

"ਵਾਹ ਬਾਬਾ ! ਤੇਰਾ ਭਲਾ ਹੋਵੇ, ਤੂੰ ਮੇਰੀ ਅੱਧੀ ਲੋੜ ਤਾਂ ਹੁਣੇ ਪੂਰੀ ਕਰ ਦਿਤੀ ਏ", ਫਕੀਰ ਨੇ ਟੁਰਦਿਆਂ ਕਹਿਆ । ਫਕੀਰ ਬਗੀਚੀ ਵਿਚ ਪੁੱਜਿਆ, ਗੁਰੂ ਜੀ ਦੇ ਤੇ ਗੁਰੂ ਜੀ ਦੀ ਸੰਗਤ ਦੇ ਦਰਸ਼ਨ ਕਰ ਵਿਸਮਾਦ ਹੋ ਗਿਆ। ਇਹ ਸੁੰਦਰ ਚਿੱਤਰ ਉਸ ਪਹਿਲੀ ਵਾਰੀ ਉਮਰ ਵਿਚ ਤੱਕਿਆ ਸੀ । ਉਹ ਸੰਸਾਰ ਤੇ ਕੇਵਲ ਖਾਣਾ, ਸੌਣਾ ਤੇ ਭੋਗ ਹੀ ਜਾਣਦਾ ਸੀ, ਮਗਰ ਏਥੇ ਆ ਉਸ ਨੂੰ ਪਤਾ ਲੱਗਾ ਕਿ ਏਥੋਂ ਦੀ ਦੁਨੀਆਂ ਇਕ ਵੱਖਰੀ ਦੁਨੀਆਂ ਏ, ਪਰ ਅਜੇ ਉਸ ਨੂੰ ਦਰਸ਼ਨਾਂ ਨਾਲੋਂ ਆਪਣੀ ਲੋੜ ਦੀ ਬਹੁਤੀ ਕਾਹਲੀ ਸੀ । ਛੇਤੀ-ਛੇਤੀ ਗਿਆ ਤੇ ਗੁਰੂ ਜੀ ਨੂੰ ਮੱਥਾ ਟੇਕਿਆ ਤੇ ਅਰਜ਼ ਕੀਤੀ, "ਮਹਾਰਾਜ ਮੈਨੂੰ ਕੁਝ ਚਾਹੀਦਾ ਹੈ।" ਹੰਸ ਰੂਪੀ ਸੰਗਤ, ਗੁਰੂ ਜੀ ਦੇ ਬਚਨਾਂ ਰੂਪੀ ਮੋਤੀਆਂ ਦੀ ਚੋਗ ਚੁਗ ਰਹੀ ਸੀ। ਉਹਨਾਂ ਆਪਣੇ ਰੰਗ ਵਿਚ ਭੰਗ ਪੈਂਦਾ ਵੇਖਿਆ ਤਾਂ ਹਜ਼ੂਰੀ ਸਿੰਘ ਨੇ ਜਿਹੜਾ ਪਾਸ ਖਲੋਤਾ ਸੀ, ਚੁੱਪ ਕਰਨ ਲਈ ਇਸ਼ਾਰਾ ਕੀਤਾ ਅਤੇ ਠਹਿਰਨ ਵਾਸਤੇ ਕਿਹਾ। ਮਗਰ ਜਿਵੇਂ ਭੁੱਖਾ ਸਾਹਮਣੇ ਪਰਸ਼ਾਦਾ ਦੇਖ ਕੇ ਬਿਹਬਲ ਹੁੰਦਾ ਏ ਤਿਵੇਂ ਫ਼ਕੀਰ ਦੀ ਹਾਲਤ ਹੋਈ । ਫੇਰ ਬੋਲਿਆ, "ਮਹਾਰਾਜ ! ਮੈਂ ਬੜੀ ਆਸ ਕਰਕੇ ਆਇਆ ਹਾਂ, ਮੇਰੇ ਤੇ ਕਿਰਪਾ ਕਰੋ।" ਮਗਰ ਸਿੰਘ ਨੇ ਬਾਹੋਂ ਫੜ੍ਹ ਲਿਆ ਅਤੇ ਦੂਰ ਲਿਜਾ ਬਿਠਾ ਦਿੱਤਾ ।

ਪਿੱਛੇ ਗੁਰੂ ਜੀ ਦਾ ਭਗਤ, ਭਾਈ ਸੰਤ ਸਿੰਘ ਜੀ ਬੈਠੇ ਸਨ । ਉਹਨਾਂ ਹੌਲੀ ਜਿਹੀ ਪੁੱਛਿਆ, "ਭਲਿਆ ਲੋਕਾ, ਤੈਨੂੰ ਕੀ ਚਾਹੀਦਾ ਹੈ?" ਭਾਈ ਜੀ, ਲੋਈ। ਸਰਦੀ ਆ ਰਹੀ ਏ, ਬੜੀ ਦੂਰੋਂ ਆਸ ਨਾਲ ਆਇਆ ਹਾਂ। ਭਾਈ ਜੀ ਆਖਿਆ, "ਬਹਿ ਜਾ ਤੇ ਆਹ ਲੈ ਲੋਈ" ਫ਼ਕੀਰ ਦੀਆਂ ਖੁਸ਼ੀਆਂ ਨਾਲ ਜਾਮੇ ਦੀਆਂ ਤਣੀਆਂ ਟੁੱਟ ਗਈਆਂ ਤੇ ਨਮਸਕਾਰ ਕਰਦਿਆਂ ਮੂੰਹੋਂ ਬੋਲ ਕੀਤਾ, "ਏਕ ਤੋਂ ਅਨੇਕ ਬੀਜਿਆ ਹਰਿਆ ਹੋਵੇ" ਫਕੀਰ ਨੇ ਇਹ ਵਾਕ ਤਿੰਨ ਵਾਰੀ ਕਹੇ ਤੇ ਮੁੜਨ ਲੱਗਾ। ਮਗਰ ਦਾਨ ਦੀ ਮੂਰਤੀ ਭਾਈ ਸੰਤ ਸਿੰਘ ਜੀ ਕਿਹਾ, "ਫਕੀਰ ਸਾਂਈਂ! ਉਰੇ ਆ, ਫ਼ਕੀਰ ਨੇੜੇ ਹੋਇਆ ਤਾਂ ਉਸ ਤੋਂ ਲੋਈ ਲੈ ਲਈ । ਉਹ ਵਿਚਾਰਾ ਇਉਂ ਚੁਪ ਹੋ ਕੇ ਬਹਿ ਗਿਆ ਜਿਵੇਂ ਹੱਥ ਆਇਆ ਲਾਲ ਤਿਲਕ ਜਾਂਦਾ ਏ। ਵਿਚਾਰਾ ਬੜਾ ਹੈਰਾਨ ਤੇ ਪ੍ਰੇਸ਼ਾਨ ਹੋ ਗਿਆ ਤੇ ਇਕ ਪਾਸੇ ਬਹਿ ਗਿਆ ।

ਕਥਾ ਦੀ ਸਮਾਪਤੀ ਹੋ ਗਈ । ਸੰਗਤਾਂ ਗੁਰੂ ਜੀ ਨੂੰ ਮੱਥਾ ਟੇਕ ਟੇਕ ਖੁਸ਼ੀਆਂ ਲੈ ਲੈ ਘਰਾਂ ਨੂੰ ਜਾਣ ਲੱਗੀਆਂ ਤਾਂ ਇਹ ਫਕੀਰ ਗੁਰੂ ਜੀ ਪਾਸ ਫਰਿਆਦੀ ਹੋਇਆ ਤੇ ਅਰਜ਼

Sri Satguru Jagjit Singh Ji Elibrary NamdhariElibrary@gmail com

ਕੀਤੀ, "ਸ਼ਹਿਨ ਸ਼ਾਹ! ਤੁਹਾਡੇ ਭਗਤ ਨੇ ਖੁਸ਼ੀ ਨਾਲ ਲੋਈ ਦਿਤੀ ਸੀ, ਫੇਰ ਆਪ ਹੀ ਵਾਪਸ ਲੈ ਲਈ ਸੀ, ਮੇਰਾ ਜ਼ੋਰ ਤਾਂ ਕੋਈ ਨਹੀਂ ਸੀ, ਪਰ ਤੁਹਾਡੇ ਅੱਗੇ ਬੇਨਤੀ ਹੈ ਕਿ ਤੁਹਾਡੇ ਘਰੋਂ ਖੰਡ ਬ੍ਰਹਿਮੰਡ ਖਾ ਰਹੇ ਨੇ, ਮੇਰੀ ਨਗੂਣੀ ਚੁਜ਼ ਪੂਰੀ ਦੀ ਕਿਰਪਾਲਤਾ ਕਰੋ । ਤਾਂ ਗੁਰੂ ਜੀ ਭਾਈ ਸੰਤ ਸਿੰਘ ਜੀ ਵਲ ਕ੍ਰਿਪਾ ਦ੍ਰਿਸ਼ਟੀ ਕੀਤੀ ਤੇ ਪੁਛਿਆ, "ਸੁਣਾਓ ! ਭਾਈ ਸੰਤ ਸਿੰਘ ਜੀ ਕੀ ਗੱਲ ਏ ?"

"ਗਰੀਬ ਨਿਵਾਜ਼! ਗੱਲ ਕੀ ਏ, ਸਾਈਂ ਬਾਦਸ਼ਾਹ ਨਾਲ ਸੌਦਾ ਨਹੀਂ ਬਣਿਆ, ਇਸ ਵਾਸਤੇ ਲੋਈ ਵਾਪਸ ਲੈ ਲਈ ਏ", ਭਾਈ ਜੀ ਨੇ ਨਿਮਰਤਾ ਸਹਿਤ ਉੱਤਰ ਦਿੱਤਾ।

ਗੁਰੂ ਜੀ--"ਭਾਈ! ਗੱਲ ਨੂੰ ਜ਼ਰਾ ਖੋਲ ਕੇ ਸਮਝਾਓ, ਬਾਤਾਂ ਪਾਇਆਂ ਕੁਝ ਨਹੀਂ ਪੱਲੇ ਪੈਂਦਾ।"

ਸੰਤ ਸਿੰਘ- "ਦੀਨ ਦਿਆਲ! ਤੁਸੀਂ ਸਭ ਕੁਝ ਜਾਣਦੇ ਹੋ, ਫੇਰ ਕੀ ਅਰਜ਼ ਕਰਾਂ। ਇਸ ਲੋਈ ਦੀ ਮੰਗ ਕੀਤੀ। ਮੈਂ ਲੋਈ ਦੇ ਦਿੱਤੀ। ਇਸ ਕਿਹਾ, ਇਕ ਤੋਂ ਅਨੇਕ, ਬੀਜਿਆ ਹਰਿਆ ਹੋਵੇ, ਅਸੀਂ ਤੇ ਤੇਰੇ ਦਰਸ਼ਨਾਂ ਦੇ ਅਭਿਲਾਖੀ ਹਾਂ, ਸੰਤਾਂ ਨੇ ਨਰਕ ਤੇ ਸੁਰਗ ਦੋਹਾਂ ਨੂੰ ਰੱਦ ਕੀਤਾ ਏ ਤੇ ਮੈਂ ਇਸ ਲਈ ਖਾਤਰ ਮੁੜ-ਮੁੜ ਗਰਭ ਵਿਚ ਆਉਂਦਾ ਰਹਾਂ, ਇਹ ਲੋਈ ਤੀਹ ਸਾਲ ਤੱਕ ਨਹੀਂ ਜਾ ਸਕਦੀ, ਜੇ ਘੱਟੋ ਘੱਟ ਇਕ ਲੋਈ ਵਾਸਤੇ ਵੀਹ-ਤੀਹ ਸਾਲ ਵੀ ਜਨਮ ਧਾਰਾਂ ਤਾਂ ਮੈਂ ਲੋਈ ਕਾਹਦੀ ਦਿੱਤੀ, ਬਿਪਤਾ ਸਹੇੜ ਲਈ । ਹੁਣ ਆਪ ਫਰਮਾਓ । ਇਹ ਸੌਦਾ ਕਿਵੇਂ ਬਣੇ ? ਭੁੱਜੇ ਦਾਣੇ ਬੀਜੋ"

ਗੁਰੂ ਜੀ---"ਕਿਉ ਸਾਈਂ ਜੀ ਏਵੇਂ ਹੈ ?"

ਸਾਂਈ--"ਹਾਂ ਮਹਾਰਾਜ ! ਹੈ ਤਾਂ ਏਵੇਂ।"

ਗੁਰੂ ਜੀ-ਸੰਤ ਸਿੰਘ ! ਕਿਵੇਂ ਦੇਂਦਾ ਹੈ।

ਭਾਈ ਸੰਤ ਸਿੰਘ, "ਹਾਂ ਗਰੀਬ ਨਿਵਾਜ਼। ਇਹ ਮਾਲ ਦੌਲਤ, ਘੋੜੇ, ਬੱਘੀਆਂ, ਮਹਿਲ ਮਾੜੀਆਂ ਅੱਗੇ ਹੀ ਤੇਰੀਆਂ ਹਨ, ਜਿਸ ਨੂੰ ਹੁਕਮ ਕਰੋਂ ਦੇਣ ਲਈ ਤਿਆਰ ਹਾਂ, ਮੇਰਾ ਇਸ ਵਿਚ ਕੀ ਹੈ, ਇਹ ਸਾਂਈ ਕਹਿ ਦੇਵੇ, ਇਹ ਲੋਈ ਗੁਰੂ ਜੀ ਦੀ ਸੰਤ ਸਿੰਘ ਪਾਸ ਅਮਾਨਤ ਸੀ, ਉਹ ਗੁਰੂ ਜੀ ਦੇ ਹੁਕਮ ਅਨੁਸਾਰ ਉਹ ਅਮਾਨਤ ਵਾਪਸ ਲੈ ਲਈ ਹੈ, ਮੇਰਾ ਬਚਨ-ਏਕ ਤੋਂ ਅਨੇਕ, ਬੀਜਿਆ ਹਰਿਆ, ਨਿਹਫਲ ਜਾਵੇ-ਮੈਂ ਲੋਈ ਦੇ ਦਿਆਂਗਾ।"

ਗੁਰੂ ਜੀ- "ਸਾਂਈ ਜੀ ਇਹ ਸ਼ਬਦ ਕਹਿ ਦੇਵੇ।"

ਸਾਂਈਂ ਭਾਈ ਸੰਤ ਸਿੰਘ ਜੀ ਦੇ ਬਚਨ ਸੁਣ ਕੇ ਹੈਰਾਨ ਹੋ ਰਿਹਾ ਸੀ ਕਿ ਇਹ ਲੋਕ ਕਿਸ ਦੁਨੀਆਂ ਦੇ ਰਹਿਣ ਵਾਲੇ ਹਨ । ਇਹ ਫ਼ਕੀਰ ਜਾਣਦਾ ਸੀ ਕਿ ਦੁਨੀਆਂਦਾਰ ਤਾਂ ਇਕ ਵਸਤੂ ਦੇ ਕੇ ਸੈਂਕੜਿਆਂ ਦੀ ਆਸ ਰੱਖਦਾ ਹੈ, ਮਗਰ ਇਹ ਲੋਕ ਤਾਂ ਦੇ ਕੇ ਨਾਂ ਵੀ ਨਹੀਂ ਲੈਣ ਦੇਂਦੇ । ਪਰ ਫ਼ਕੀਰ ਨੂੰ ਅੰਤ ਕਹਿਣਾ ਪਿਆ ਕਿ ਮੈਂ ਗੁਰੂ ਜੀ ਦੀ ਅਮਾਨਤ ਵਿਚੋਂ, ਜਿਹੜੀ ਭਾਈ ਸੰਤ ਸਿੰਘ ਜੀ ਪਾਸ ਸੀ, ਗੁਰੂ ਜੀ ਦਾ ਹੁਕਮ ਪਾ ਕੇ ਲੈ ਲਈ ਹੈ, ਮੇਰਾ ਏਕ ਤੋਂ ਅਨੇਕ ਬੀਜਿਆ ਹਰਿਆ ਦਾ ਕਥਨ ਨਿਹਫਲ ਜਾਵੇ। ਤਦ ਭਾਈ ਸੰਤ ਸਿੰਘ ਜੀ ਨੇ ਫਕੀਰ ਨੂੰ ਲੋਈ ਦੇ ਦਿੱਤੀ ।

ਲੋਈ ਲੈਂਦਿਆਂ ਫ਼ਕੀਰ ਦਾ ਰੰਗ ਲਾਲ ਹੋ ਗਿਆ। ਮਸਤੀ ਆ ਗਈ। ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਆਖਿਆ, "ਗੁਰੂ ਜੀ ਧੰਨ ਤੁਸੀਂ ਹੋ ਤੇ ਧੰਨ ਤੁਹਾਡੀ ਸੰਗਤ।"

ਕੋਲੋਂ ਭਾਈ ਧਨੀ ਰਾਮ ਜੀ ਬੋਲ ਉੱਠੇ, "ਸਾਧ ਸੰਗਤ ਜੀ! ਧੰਨ ਭਾਈ ਸੰਤ ਸਿੰਘ ਜੀ ਹਨ, ਜਿਨ੍ਹਾਂ ਅੰਦਰ ਸਤਿਗੁਰਾਂ ਦੀ ਇਤਨੀ ਕਿਰਪਾ ਹੈ । ਤੁਸੀਂ ਵੀ ਏਵੇਂ ਭੁੱਜੇ ਦਾਣੇ ਬੀਜਿਆ ਕਰੋ ਰੱਬੀ ਲੋਕ ਕਹਿੰਦੇ ਹਨ ਕਿ ਦਾਨ ਏਵੇਂ ਕਰੋ, ਜੇ ਸੱਜਾ ਹੱਥ ਦੇਵੇ ਤਾਂ ਖੱਬੇ ਨੂੰ ਪਤਾ ਨਾ ਲੱਗੇ । ਜੇ ਖੱਬਾ ਦੇਵੇ ਤਾਂ ਸੱਜੇ ਨੂੰ ਇਲਮ ਨਾ ਹੋਵੇ। ਜਿਵੇਂ ਰਾਹ ਵਿਚ ਰੱਖੀ ਲੋਈ ਚੁੱਕਣ ਵਾਲੇ ਨੂੰ ਪਤਾ ਨਹੀਂ ਲੱਗਦਾ ਕਿ ਧੰਨਵਾਦ ਕਿਸ ਦਾ ਕਰਾਂ ਤੇ ਦਾਨੀ ਨੂੰ ਪਤਾ ਨਹੀਂ ਲੱਗਦਾ ਕਿ ਕੌਣ ਚੁੱਕ ਕੇ ਲੈ ਗਿਆ ਹੈ।" ਭਾਈ ਧਨੀ ਰਾਮ ਜੀ ਦੇ ਬਚਨ ਸਾਂਈਂ ਅੰਦਰ ਘਾਓ ਕਰ ਗਏ, ਉਸ ਗੁਰੂ ਜੀ ਦੇ ਚਰਨਾਂ ਤੇ ਮੁੜ ਢਹਿੰਦਿਆਂ ਅਰਜ਼ ਕੀਤੀ, "ਗਰੀਬ ਨਿਵਾਜ਼ ! ਜੇ ਇਹ ਤਨ ਢੱਕਣ ਵਾਸਤੇ ਲਈ ਦਿਵਾਈ ਜੇ ਤਾਂ ਮਿਹਰ ਕਰੋ ਤਾਂ ਕਿ ਤਨ ਮਨ ਦੇ ਸਾਰੇ ਰੋਗ ਕੱਟੇ ਜਾਣ ਤੇ ਸਰੀਰ ਨੂੰ ਕੋਈ ਪਾਲਾ ਵੀ ਨਾ ਲੱਗੇ।

ਗੁਰੂ ਜੀ ਇਕ ਸਿੱਖ ਵਲ ਇਸ਼ਾਰਾ ਕੀਤਾ ਤੇ ਉਸ ਕੰਨ ਵਿਚ ਫੂਕ ਮਾਰ ਨਾਮ ਦੇ ਜਹਾਜ਼ ਦਾ ਟਿਕਟ ਲੈ ਦਿੱਤਾ ਬਸ ਸਾਂਈਂ, ਸਾਂਈਂ ਹੋ ਗਿਆ ।

Sri Satguru Jagjit Singh Ji Elibrary NamdhariElibrary@gmail com

ਆਪਣੇ ਬੇਟੇ ਦੇ ਅਧਿਆਪਕ ਦੇ ਨਾਮ ਅਬਰਾਹਿਮ ਲਿੰਕਨ ਦਾ ਖ਼ਤ

ਸਤਿਕਾਰਯੋਗ ਅਧਿਆਪਕ ਜੀ,

ਮੈਂ ਜਾਣਦਾ ਹਾਂ ਕਿ ਮੇਰੇ ਬੇਟੇ ਨੂੰ ਜਾਣਨਾ ਪਵੇਗਾ ਕਿ ਸਾਰੇ ਇਨਸਾਨ ਇਮਾਨਦਾਰ ਨਹੀਂ ਹਨ ਅਤੇ ਨਾ ਹੀ ਸਾਰੇ ਵਿਅਕਤੀ ਸੱਚੇ ਸੁੱਚੇ ਹਨ।

ਪਰ ਉਸ ਨੂੰ ਇਹ ਵੀ ਦੱਸਣਾ ਕਿ ਜਿੱਥੇ ਇੱਕ ਬਦਮਾਸ਼ ਹੈ, ਉੱਥੇ ਇੱਕ ਸ਼ਰੀਫ ਇਨਸਾਨ ਵੀ ਹੈ, ਜਿੱਥੇ ਇੱਕ ਖ਼ੁਦਗਰਜ਼ ਸਿਆਸਤਦਾਨ ਹੈ। ਉਥੇ ਇੱਕ ਸਿਦਕਵਾਨ ਆਗੂ ਵੀ ਹੈ।

ਉਸ ਨੂੰ ਇਹ ਵੀ ਦੱਸਣਾ ਕਿ ਜਿੱਥੇ ਇੱਕ ਦੁਸ਼ਮਣ ਹੈ ਉਥੇ ਇੱਕ ਦੋਸਤ ਵੀ ਹੈ।

ਮੈਂ ਜਾਣਦਾ ਹਾਂ, ਇਸ ਲਈ ਵਕਤ ਲੱਗੇਗਾ, ਸੋ ਜੇ ਹੋ ਸਕੇ, ਤਾਂ ਉਸ ਨੂੰ ਸਮਝਾਉਣਾ ਕਿ ਕਮਾਏ ਹੋਏ ਇੱਕ ਸਿੱਕੇ ਦੀ ਅਹਿਮੀਅਤ ਲੱਭੇ ਹੋਏ ਪੰਜ ਸਿੱਕਿਆਂ ਤੋਂ ਕਿਤੇ ਵੱਧ ਹੁੰਦੀ ਹੈ।

ਉਸ ਨੂੰ ਜਿੱਤ ਦੀ ਖੁਸ਼ੀ ਦਾ ਆਨੰਦ ਮਾਣਨਾ ਅਤੇ ਹਾਰ ਨੂੰ ਸਵੀਕਾਰਨਾ ਸਿਖਾਉਣਾ।

ਜੇ ਹੋ ਸਕੇ ਤਾਂ ਉਸ ਨੂੰ ਈਰਖਾ ਤੋਂ ਬਚਾਉਣਾ ਸ਼ਾਂਤ ਹਾਸਿਆਂ ਦਾ ਰਹੱਸ ਸਮਝਾਉਣਾ।

ਉਸ ਨੂੰ ਇਹ ਜਲਦੀ ਸਮਝ ਆ ਲੈਣ ਦੇਣਾ ਕਿ ਹੈਂਕੜਬਾਜਾਂ ਨੂੰ ਸਬਕ ਸਿਖਾਉਣਾ ਆਸਾਨ ਹੀ ਹੁੰਦਾ ਹੈ।

ਜੇ ਹੋ ਸਕੇ ਤਾਂ ਉਸ ਨੂੰ ਕਿਤਾਬਾਂ ਦੇ ਅਣਮੁੱਲੇ ਖ਼ਜ਼ਾਨੇ ਤੋਂ ਜਾਣੂੰ ਕਰਾਉਣਾ।

ਪਰ ਇਸ ਦੇ ਨਾਲ ਨਾਲ ਉਸ ਨੂੰ ਅਸਮਾਨ 'ਚ ਉੱਡਦੇ ਪੰਛੀਆਂ, ਧੁੱਪ 'ਚ ਮੰਡਰਾਉਂਦੀਆਂ ਮਧੂ ਮੱਖੀਆਂ ਅਤੇ ਪਹਾੜਾਂ 'ਤੇ ਉੱਗੇ ਜੰਗਲੀ ਫੁੱਲਾਂ ਦੀ ਸਦੀਵੀ ਸੁੰਦਰਤਾ ਦੇ ਰਹੱਸ ਨੂੰ ਸਮਝਣ ਦਾ ਸ਼ਾਂਤ ਸਮਾਂ ਦੇਣਾ।

ਉਸ ਨੂੰ ਸਿਖਾਉਣਾ ਕਿ ਸਕੂਲ 'ਚ ਨਕਲ ਮਾਰ ਕੇ ਪਾਸ ਹੋਣ ਨਾਲੋਂ ਫੇਲ੍ਹ ਹੋਣਾ ਜ਼ਿਆਦਾ ਸਨਮਾਨਯੋਗ ਹੈ।

ਉਸ ਨੂੰ ਸਿੱਖਿਆ ਦੇਣੀ ਕਿ ਆਪਣੇ ਸਹੀ ਵਿਚਾਰਾਂ 'ਤੇ ਭਰੋਸਾ ਰੱਖੇ ਭਾਵੇਂ ਸਾਰੇ ਹੀ ਲੋਕ ਉਹਨਾਂ ਨੂੰ ਗਲਤ ਸਮਝਦੇ ਹੋਣ।

ਉਸ ਨੂੰ ਸਾਊ ਵਿਅਕਤੀਆਂ ਨਾਲ ਸਾਊ ਅੱਖੜਾਂ ਨਾਲ ਅੱਖੜ ਹੋਣਾ ਸਿਖਾਉਣਾ।

ਜਦੋਂ ਹਰੇਕ ਹੀ ਭੇਡ ਚਾਲ ਦਾ ਸ਼ਿਕਾਰ ਹੋ ਰਿਹਾ ਹੈ, ਤਾਂ ਮੇਰੇ ਪੁੱਤ ਨੂੰ ਅਜਿਹੀ ਤਾਕਤ ਦੇਣ ਦੀ ਕੋਸ਼ਿਸ਼ ਕਰਨਾ

ਕਿ ਉਹ ਭੀੜ ਦਾ ਪਿਛਲੱਗ ਨਾ ਬਣੇ।

ਉਸ ਨੂੰ ਸਮਝਾਉਣਾ ਕਿ ਸੁਣੋ ਸਭ ਦੀ, ਪਰ ਮੰਨੇ ਸੱਚ ਦੀ ਕਸਵੱਟੀ 'ਤੇ ਪਰਖ ਕੇ ਹੀ।

ਹੋ ਸਕੇ ਤਾਂ ਉਸ ਨੂੰ ਉਦਾਸ ਪਲਾਂ ਵਿਚ ਵੀ ਹੱਸਣਾ ਸਿਖਾਉਣਾ, ਸਮਝਾਉਣਾ ਕਿ ਹੰਝੂ ਕੇਰਨ 'ਚ ਕੋਈ ਸ਼ਰਮ ਨਹੀਂ ਹੁੰਦੀ। ਉਸ ਨੂੰ ਸਨਕੀਆਂ ਦਾ ਮਜ਼ਾਕ ਉਡਾਉਣਾ ਵੀ ਸਿਖਾਉਣਾ ਅਤੇ ਮੀਆਂ ਮਿੱਠੂ ਹੋਣ ਤੋਂ ਵਰਜ ਕੇ ਰੱਖਣਾ।

ਉਸ ਨੂੰ ਸਮਝਾਉਣਾ ਕਿ ਆਪਣੀ ਮਿਹਨਤ ਤੇ ਲਿਆਕਤ ਦੀ ਵੱਧ ਤੋਂ ਵੱਧ ਕੀਮਤ ਵਸੂਲੇ, ਪਰ ਆਪਣੇ ਜਜ਼ਬਿਆਂ ਤੇ ਆਤਮਾ ਦਾ ਸੌਦਾ ਕਦੇ ਨਾ ਕਰੇ।

ਸਮਝਾਉਣਾ ਕਿ ਲੋਕਾਂ ਦੇ ਵਿਰੋਧ ਤੋਂ ਡਰੇ ਬਿਨਾਂ ਆਪਣੀ ਸਹੀ ਸੋਚ 'ਤੇ ਡਟ ਕੇ ਪਹਿਰਾ ਦੇਵੇ।

ਉਸ ਨਾਲ ਹਲੀਮੀ ਭਰਿਆ ਸਲੂਕ ਤਾਂ ਕਰਨਾ ਪਰ ਉਸ ਨੂੰ ਲਾਡ ਨਾਲ ਵਿਗਾੜਨਾ ਨਹੀਂ ਕਿਉਂਕਿ ਕੁਠਾਲੀ ਦੇ ਸੇਕ 'ਚ ਦਲ ਕੇ ਹੀ ਸੋਨਾ ਕੁੰਦਨ ਬਣਦਾ ਹੈ।

ਉਸਨੂੰ ਵੰਗਾਰਾਂ ਕਬੂਲਣ ਲਈ ਬੇਸਬਰ ਹੋਣ ਦੇਣਾ ਅਤੇ ਦਲੇਰ ਬਣਨ ਲਈ ਸਬਰ ਰੱਖਣਾ ਸਿਖਾਉਣਾ।

ਉਸ ਨੂੰ ਖ਼ੁਦ ਤੇ ਰੱਬ ਵਰਗਾ ਭਰੋਸਾ ਰੱਖਣਾ ਸਿਖਾਉਣਾ ਤਾਂ ਜੋ ਉਹ ਮਨੁੱਖਤਾ ਵਿੱਚ ਅਡੋਲ ਵਿਸ਼ਵਾਸ ਕਰ ਸਕੇ।

ਇਹ ਬਹੁਤ ਵੱਡਾ ਕਾਰਜ ਹੈ। ਦੇਖੋ ਇਸ ਲਈ ਤੁਸੀਂ ਕੀ ਕਰ ਸਕਦੇ ਹੋ ਬੜਾ ਨਾਜ਼ੁਕ ਤੇ ਮਾਸੂਮ ਹੈ ਮੇਰਾ ਪੁੱਤਰ।

ਅਬਰਾਹਿਮ ਲਿੰਕਨ (1861 ਤੋਂ 1865 ਤੱਕ ਅਮਰੀਕਾ ਦਾ ਰਾਸ਼ਟਰਪਤੀ)

Sri Satguru Jagjit Singh Ji Elibrary NamdhariElibrary@gmail com

ਬਚਣਾ ਹੈ ਤਾਂ 'ਸ਼ਾਕਾਹਾਰੀ ਬਣੋ'

ਜਿਸ ਤਰ੍ਹਾਂ ਜੀਵਨ ਦੌੜ-ਭੱਜ ਵਾਲਾ ਅਤੇ ਆਪਾਧਾਪੀ ਵਾਲਾ ਬਣ ਚੁੱਕਾ ਹੈ, ਅਜਿਹੀ ਸਥਿਤੀ 'ਚ ਲੋਕਾਂ ਕੋਲ ਆਪਣੀ ਸਿਹਤ ਦੀ ਦੇਖਭਾਲ ਲਈ ਸਮਾਂ ਨਹੀਂ ਬਚਿਆ। ਲੋਕਾਂ ਦੀ ਜੀਵਨ ਸ਼ੈਲੀ ਅਤੇ ਖਾਣ-ਪੀਣ ਦੇ ਤੌਰ-ਤਰੀਕੇ ਵਿਗੜ ਚੁੱਕੇ ਹਨ ਅਤੇ ਇਸੇ ਲਈ ਬੀਮਾਰੀਆਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ।

ਅੱਜ ਦੁਨੀਆ ਭਰ ਦੇ ਲੋਕਾਂ ਵਿਚ ਮਾਸਾਹਾਰ ਦਾ ਰੁਝਾਨ ਵਧਦਾ ਜਾ ਰਿਹਾ ਹੈ, ਜਿਸ ਦੇ ਸਿੱਟੇ ਵਜੋਂ 'ਮੈਡ ਕਾਊ', 'ਬਰਡ ਫਲੂ', 'ਸਵਾਈਨ ਫਲੂ ਆਦਿ ਪਸ਼ੂਆਂ ਤੋਂ ਹੋਣ ਵਾਲੀਆਂ ਬੀਮਾਰੀਆਂ ਫੈਲਣ ਦੀਆਂ ਖ਼ਬਰਾਂ ਦੁਨੀਆਂ ਭਰ ਤੋਂ ਆਉਂਦੀਆਂ ਰਹਿੰਦੀਆਂ ਹਨ।

What is more important to note is the arguments forwarded by a certain separatist movement that is trying to gain hold in Punjab. The fear being spread by that separatist movement is similar to one as has been proposed by the senior of the Butcher of Amritsar - Michael O'Dwyer, as mentioned above. This brings us to an important question where it is pertinent to ask:

Is the history repeating itself again?

Whether common population could have checked the authority of priesthood and blocked their support to imperial Government after 1872 and 1919 is a question of history. But, under the secular constitution of a free India today, it is the responsibility of common people to prevent any organization or institution from using them as tools for propagating a mean political propaganda. The reality of all such organizations who play double standards, by outwardly acting as representative of people and inwardly conspiring for their petty benefits, lays exposed when we consider the twin events of Kooka massacre of 1871 and Amritsar massacre of 1919. It is every citizen's duty to work for the national integrity and unity of the country. It is important to do justice to one's past, respect the people who sacrificed their lives for the cause of their country, shun those who misused popular sentiment and befooled people, learn from the mistakes and work for a better

Sri Satguru Jagjit Singh Ji Elibrary NamdhariElibrary@gmail com

future. Failure to do so in 1872 and afterwards led to 1919. Failure again to realize the mistakes and continuance to strengthen imperialism led to further suffering as partition in 1947. Failures to vet authoritarian organizations after obtaining freedom have led to disturbances in the free India also. History and its unbiased documentation has the ability to provide information of the results of past deeds. This information can help in determine the future course of action. Two things are important, however: First is the Ethics, whereby one undertakes to use the knowledge to serve the humankind, as instructed by the Sikh Gurus. Second is the Truth, whereby historiography and everything else is documented or performed in an unbiased way, again an instruction of the Gurus. Failure of either one can bring disastrous results, as witnessed in the Amritsar massacre of 1919.

It will be informative to note again the way certain Englishmen protested against the colonial injustice. When Cowan was suspended, representations came from Punjab in his favour as mentioned earlier. They were motivated by selfish interests. In England, voices rose in defence of Cowan, motivated by the desire to keep exploiting the most valuable possession of the British Crown. A noted Christian Donald McLeod wrote in favour of Cowan in newspaper. To this ongoing debate, a British Officer named A.T. Cunynghame responded in the following words:

'The Home News wonders what THE FRIEND OF INDIA will say 'when so good a Christian as Sir Donald McLeod has proclaimed a conviction that the sentence passed on Messrs. Cowan and Forsyth is all things considered a blunder; if nothing worse'. Why, what we say is that of Sir Donald McLeod's Christianity we know nothing, and care nothing, as far as the Kuka Executions are concerned, for it has nothing whatever to do with the matter - save in this, that we know what Christianity teaches, and, if Sir Donald McLeod preaches any other Gospel, we shall have none of it, be his character for Christianity and humanity what it may. And that he does teach such a Gospel we are prepared to prove.'

The writer outrightly rejected his co-religionist, a respected Christian and chose to follow Christianity in its true spirit, rather than a misguided Christian, no matter howsoever respected he was!

'And this is from much belauded Sir Donald McLeod! Well, if this were in accordance with Christianity we should have no thought but that the Gospel would soon be cast aside as an effect thing. If this were English statesmanship, and not the pedantry of Cliqueism, in politics and in religion, we should have no hope for such a mongrel statesmanship in the face of the intellect of civilized nations. We do not hesitate to say that if this teaching of the late Lieutenant Governer of Punjab was carried into practice, human life would be unsafe as ever it was in the worst periods of history'.

'We shall watch curiously the development of this principle; for if it is Christianity, then Christianity is very different thing from what it was in earlier days. If there is truth in the Gospel of Christ, it is a Gospel for all races and nations from the rising to the setting of the sun. And when Sir Donald McLeod tells us that an English officer should be supported right or wrong, we do not say that Sir Donald McLeod is not a Christian (a man must stand for fall by his light), but we say that what he puts forward is not Christianity nor anything like it, anything at all akin to it, as it ever was understood by any of the great masters of Christian thought and deed since Christianity had a name'.

Had the Sikh intelligentsia and priesthood acted according to the principles shown by Guru Nanak Dev Ji, Guru Tegh Bahadur Ji, Guru Gobind Singh Ji; they would have never supported the oppressor and shunned the oppressed. Finally, the writer put a strong piece of advice for the natives, when he said:

'The natives of India have a rare spectacle put before them at the present time, and we hope they will attend to it, and give it a voice that will tell in times to come'.

Had the Sikh intelligentsia or priesthood stood against the colonial injustice done at Malerkotla in 1872, rather than having shamelessly endorsed it, in all probability, Dyer and O'Dwyer would not have gained courage for their infamous action in Jallianwala Bagh one hundred years ago.

Sri Satguru Jagjit Singh Ji Elibrary NamdhariElibrary@gmail com

ਝੋਕ ਛੰਦ

ਕਵੀ ਜੀਵਨ ਸਿੰਘ

ਆਇਆ ਜੱਗ ਸਫਲ ਉਸਦਾ ਬੰਦਗੀ ਜੋ ਕਰਦਾ ਏ।
ਦੂਸਰਾ ਦਾਨੀ ਤੀਜਾ ਸ਼ਸ਼ਤਰ ਨੂੰ ਧਰਦਾ ਏ।
ਤਨ-ਮਨ ਕੁਰਬਾਨ ਆਪਣਾ, ਦੁਖੀਆਂ ਤੋਂ ਕਰਦਾ ਏ।
ਪੰਡਿਤ ਸਿਆਣੇ ਚਾਤਰ ਵਿਦਿਆਵਾਨ ਕਹਿੰਦੇ ਆ।
ਦਾਤਾ ਤੇ ਭਗਤ ਸੂਰਮਾ, ਤਿੰਨੇ ਜੱਗ ਰਹਿੰਦੇ ਆ।

ਜੀਵਨ ਜੱਗ ਉਹਨਾਂ ਦੇ ਵੀ ਚਾਨਣ ਮੁਨਾਰੇ ਆ।
ਹੱਡੀਆਂ ਦੇ ਚੂਨੇ ਕੀਤੇ ਮੂਨ ਦੇ ਗਾਰੇ ਆ।
ਆਪਣੇ ਦੇਸ਼ ਕੌਮ ਦੇ ਮਹਿਲ ਉਸਾਰੇ ਆ।
ਜਦ ਤੱਕ ਚੰਨ ਸੂਰਜ ਕਾਇਮ ਤਦ ਤੱਕ ਨਾ ਢਹਿੰਦੇ ਆ।
ਦਾਤਾ ਤੇ ਭਗਤ, ਸੂਰਮਾ ਤਿੰਨੇ ਜੱਗ ਰਹਿੰਦੇ ਆ।

ਫੁੱਲਾਂ ਮਾਨਿੰਦ ਰਹਿੰਦੇ ਸੂਲਾਂ ਦੀ ਸੇਜ 'ਤੇ।
ਹੋਰਾਂ ਨੂੰ ਦੇਣ ਸੁਗੰਧੀ ਆਪਣੇ ਬਲ ਤੇਜ 'ਤੇ।
ਦੁਖੀਆਂ ਦੇ ਦੁੱਖ ਵੰਡਾਉਂਦੇ ਦਿਲ ਦੇ ਦਰੇਗ 'ਤੇ।
ਆਏ ਦਿਨ ਨਾਲ ਨਵੀਂ ਮੁਸੀਬਤ ਦੇ ਡਹਿੰਦੇ ਆ।
ਦਾਤਾ ਤੇ ਭਗਤ ਸੂਰਮਾ ਤਿੰਨੇ ਜਗ ਰਹਿੰਦੇ ਆ।

ਬਿਰਛਾਂ ਦੇ ਵਾਂਗ ਧੁੱਪਾਂ ਸਿਰ 'ਤੇ ਸਹਾਰਦੇ।
ਆਇਆਂ ਮੁਸਾਫ਼ਰਾਂ ਲਈ ਛਾਇਆ ਖਿਲਾਰਦੇ।
ਦਿੰਦੇ ਫਲ ਉਹਨਾਂ ਨੂੰ ਵੀ ਇੱਟਾਂ ਜੋ ਮਾਰਦੇ।

Sri Satguru Jagjit Singh Ji Elibrary NamdhariElibrary@gmail com

ਕਰਦੇ ਕੁਰਬਾਨੀ ਸੁੱਖ ਦੀ ਦੁੱਖਾਂ ਵਿਚ ਪੈਂਦੇ ਆ।
ਦਾਤਾ ਤੇ ਭਗਤ ਸੂਰਮਾ ਤਿੰਨੇ ਜੱਗ ਰਹਿੰਦੇ ਆ।

ਪਰਖੇ ਨੇ ਜਾਂਦੇ ਹੀਰੇ, ਅਹਿਰਣ ਦੀ ਵੱਟੀ 'ਤੇ।
ਉਤਰਦੇ ਪੂਰੇ ਨੇ ਜੇ ਪਰਖ ਕਸਵੱਟੀ 'ਤੇ।
ਉਹਨਾਂ ਦੇ ਨਾਮ ਦਰਜ ਆ ਯਾਦ ਦੀ ਪੱਟੀ 'ਤੇ।
ਸਿੱਕੇ ਟਕਸਾਲੀ ਜਿਉਂ ਖਜ਼ਾਨੇ ਵਿਚ ਪੈਂਦੇ ਆ।
ਦਾਤਾ ਤੇ ਭਗਤ ਸੂਰਮਾ ਤਿੰਨੇ ਜੱਗ ਰਹਿੰਦੇ ਆ।

ਕੱਟਿਆ ਜਾਏ ਬੰਦ-ਬੰਦ ਵੀ ਸੀ ਨਹੀਂ ਉਚਾਰਦੇ।
ਪੀਤੇ ਨੇ ਪ੍ਰੇਮ ਪਿਆਲੇ ਜੀਹਨਾਂ ਦਿਲਦਾਰ ਦੇ।
ਸੀਨੇ ਵਿਚ ਖਾਣ ਗੋਲੀਆਂ ਮੂਹਰੇ ਕਤਾਰ ਦੇ।
ਦੁਨੀਆਂ ਤੋਂ ਉਚੇ ਹੋ ਕੇ ਅੰਬਰਾਂ ਨਾਲ ਖਹਿੰਦੇ ਆ।
ਦਾਤਾ ਤੇ ਭਗਤ ਸੂਰਮਾ ਤਿੰਨੇ ਜੱਗ ਰਹਿੰਦੇ ਆ।

ਮਾਤਾ-ਪਿਤਾ ਪੁੱਤਰ ਸਾਰਾ ਵਾਰ ਪਰਿਵਾਰ ਦੇ।
ਧੌਲਰ ਤਜ ਮਹਿਲ ਮਾੜੀਆਂ ਸਭ ਕੁਝ ਵਿਸਾਰ ਦੇ।
ਕਹਿੰਦੇ ਫਿਰ ਲੱਗਦੇ ਚੰਗੇ ਸੱਥਰ ਨੇ ਯਾਰ ਦੇ।
ਕਿਤਨੀ ਆ ਜਾਏ ਮੁਸੀਬਤ ਹਟਕੇ ਨਾ ਬਹਿੰਦੇ ਆ।
ਦਾਤਾ ਤੇ ਭਗਤ ਸੂਰਮਾ ਨੇ ਜੱਗ ਰਹਿੰਦੇ ਆ।

'ਜੀਵਨ ਸਿੰਘ' ਮੌਤ ਉਹਨਾਂ ਦੀ ਜ਼ਿੰਦਗੀ ਬਣਾਉਂਦੀ ਏ।
ਮਰਦੇ ਇਕ ਵਾਰੀ ਫੇਰ ਮੌਤ ਨਾ ਆਉਂਦੀ ਏ।
ਡਿੱਗਦੀ ਆਜ਼ਾਦੀ ਚਰਨੀਂ ਸੀਸ ਝੁਕਾਉਂਦੀ ਏ ।
ਕਵੀ 'ਸਵਿੰਦਰ ਸਿੰਘ' ਪਰਮ ਪਦ ਲੈਂਦੇ ਆ।
ਦਾਤਾ ਤੇ ਭਗਤ ਸੂਰਮਾ ਤਿੰਨੇ ਜੱਗ ਰਹਿੰਦੇ ਆ।

Sri Satguru Jagjit Singh Ji Elibrary NamdhariElibrary@gmail com

ਅੜਬੰਗੀ (ਨਾਵਲ)

ਲ-ਸੰਤ ਇੰਦਰ ਸਿੰਘ ਚੱਕ੍ਰਵਰਤੀ

3

੧

ਜੇਲ੍ਹ ਵੀ ਇਕ ਅਜੀਬ ਚਿੜੀਆ ਘਰ ਹੈ। ਇਸ ਵਿਚ ਕਈ ਤਰ੍ਹਾਂ ਦੇ ਜਾਨਵਰ, ਬੰਦੇ ਆਉਂਦੇ ਰਹਿੰਦੇ ਹਨ। ਕੁਝ ਦਿਨਾਂ ਤੋ ਇਕ ਨਿਰਾਲਾ ਜਿਹਾ ਬੰਦਾ ਆਇਆ ਹੈ। ਉਹ ਇਕ ਪੁਲਿਸ ਸਾਰਜੈਂਟ ਨੂੰ ਮਾਰਨ ਦੇ ਜ਼ੁਰਮ ਵਿਚ ਸੈਸ਼ਨ ਸਪੁਰਦ ਹੋਇਆ ਹੈ। ਕੇਸ ਸਾਫ਼ ਹੈ, ਅੱਵਲ ਦਰਜੇ ਦਾ ਪਾਗਲ ਹੈ ਉਹ, ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਹੈ। ਕੋਈ ਸਖ਼ਤੀ, ਕੋਈ ਤਸ਼ੱਦਦ ਉਸ ਨੂੰ ਡਰਾ ਨਹੀਂ ਸਕਦਾ। ਏਡਾ ਸਿਰੜੀ ਮੈਂ ਤਾਂ ਕੋਈ ਨਹੀਂ ਡਿੱਠਾ।

ਉਹ ਇਖ਼ਲਾਕੀ ਕੈਦੀ, ਜਿਹੜੇ ਪਿੰਡਾਂ ਵਿਚ ਕਿਸੇ ਵੀ ਭਲੇਮਾਣਸ ਦੀ ਇੱਜ਼ਤ ਨਹੀਂ ਰਹਿਣ ਦਿੰਦੇ ਅਤੇ ਗਰੀਬ ਗੁਰਬੇ ਨੂੰ ਟੱਟੀ ਪੇਸ਼ਾਬ ਤੋਂ ਵੀ ਅਵਾਜ਼ਾਰ ਕਰ ਛੱਡਦੇ ਨੇ, ਜੇਲ੍ਹ ਅੰਦਰ ਪੈਰ ਧਰਦਿਆਂ ਹੀ ਗਊ ਦੇ ਜਾਏ ਬਣ ਜਾਂਦੇ ਹਨ। ਜੇਲਰ ਤਾਂ ਕਿਤੇ ਰਿਹਾ ਮਾਮੂਲੀ ਸਿਪਾਹੀ ਅਤੇ ਵਾਰਡਰ ਨੂੰ ਮੋਤੀਆਂ ਵਾਲਿਆ ਮਾਪਿਆ ਆਖ-ਆਖ ਕੇ ਨਿਉਂ-ਨਿਉਂ ਸਲਾਮਾਂ ਕਰਦੇ ਨਹੀਂ ਥੱਕਦੇ। ਇਹ ਹੋਰ ਤੇ ਕਿਤੇ ਰਿਹਾ ਮੈਨੂੰ ਵੀ ਟਿੱਚ ਸਮਝਦਾ ਹੈ। ਜੇ ਮੈਂ ਜ਼ਰਾ ਕੁ ਵੀ ਕੁਝ ਆਖ ਬੈਠਾ ਤਦ ਇਕ ਸਾਹੇ ਸਉ-ਸਉ ਸਲਵਾਤਾ ਸੁਣਾਉਂਦਾ ਰਹਿੰਦਾ ਹੈ। ਸੁਣਿਆ ਹੈ ਇਸ ਅੱਗੇ ਕਈ ਖ਼ੂਨ ਕੀਤੇ ਹਨ, ਪਰ ਕਰਮਾਂ ਦਾ ਅਜਿਹਾ ਬਲੀ ਹੈ ਜੋ ਕੋਈ ਵੀ ਸਾਬਤ ਨਹੀਂ ਹੋ ਸਕਿਆ। ਇਸ ਵਾਰੀ ਵੀ ਜੇ ਬਰਟਨ ਸਾਹਿਬ ਐਸ.ਪੀ. ਕੋਸ਼ਿਸ਼ ਨਾ ਕਰਦੇ। ਤਦ ਇਸ ਨੇ ਹੁਣ ਵੀ ਛੁੱਟ ਹੀ ਜਾਣਾ ਸੀ। ਬਰਟਨ ਸਾਹਿਬ ਦੀ ਇਹ ਰਾਇ ਹੈ ਕਿ ਜਿੰਨਾ ਚਿਰ ਇਸ ਨੂੰ ਫਾਹੇ ਲਾ ਕੇ ਸਾੜ ਕੇ ਸਤਾਰਵੀਂ ਨਾ ਕਰ ਦਿੱਤੀ ਜਾਏ, ਉਤਨਾ ਚਿਰ ਇਸ ਛਲਾਵੇ ਦਾ ਮੁੜ ਜੀ ਉੱਠਣਾ ਕੋਈ ਵੱਡੀ ਗੱਲ ਨਹੀਂ। ਮੈਂ ਆਪਣੀ ਜ਼ਿੰਦਗੀ ਵਿਚ ਏਡਾ ਦਲੇਰ, ਏਡਾ ਸਾਬਰ ਤੇ ਏਡਾ ਅਣਖੀਲਾ ਬੰਦਾ ਇਕ ਵੀ ਨਹੀਂ ਡਿੱਠਾ।

ਅੱਜ ਫਾਂਸੀ ਦੀ ਕੋਠੀ ਲੱਗਣ ਵੇਲੇ ਪਿਛਲੇਰੇ ਹਫ਼ਤੇ ਨਾਲੇ ਦਸ ਸੇਰ ਵਜ਼ਨ ਜ਼ਿਆਦਾ ਹੋਇਆ ਹੈ। ਮੈਂ ਕਿਹਾ, "ਭਗਵਾਨ ਸਿੰਘਾ, ਖ਼ੁਦਾ ਨੂੰ ਯਾਦ ਕਰਿਆ ਕਰ, ਐਤਕਾਂ ਤੂੰ ਬਚ ਨਹੀਂ ਸਕਣਾ। ਹੁਣ ਤੂੰ ਕੁਝ ਦਿਨਾਂ ਦਾ ਹੀ ਮਹਿਮਾਨ ਹੈ।

ਇਹ ਸੁਣਕੇ ਉਸ ਹੱਸਦਿਆਂ ਕਿਹਾ, "ਸਾਹਿਬ, ਮੈਨੂੰ ਮਰਨ ਜੀਉਣ ਦੀ ਕੋਈ ਚਿੰਤਾ ਨਹੀਂ, ਮੇਰਾ ਖ਼ੁਦਾ ਮੇਰੇ ਵੱਲ ਹੈ। ਤੁਸੀਂ, ਤੁਹਾਡੀ ਸਰਕਾਰ ਤੇ ਉਸ ਦੀ ਬੇਈਮਾਨ ਪੁਲੀਸ ਰਲ ਕੇ ਵੀ ਮੇਰਾ ਕੁਝ ਨਹੀਂ ਵਿਗਾੜ ਸਕਦੇ, ਕਿਉਂਕਿ ਮੈਂ ਬੇਦੋਸ਼ ਹਾਂ ਅਤੇ ਮੇਰੇ ਗੁਰੂਦੇਵ ਨੇ ਮੈਨੂੰ ਬਰੀ ਕਰ ਦਿੱਤਾ ਹੈ।

ਸਮਝ ਨਹੀਂ ਆ ਰਹੀ, ਅਦਾਲਤ ਦਾ ਫ਼ੈਸਲਾ ਉਸ ਦਾ ਗੁਰੂ ਕਿਵੇਂ ਬਦਲ ਦਏਗਾ, ਜਦ ਕਿ ਚਸ਼ਮਦੀਦ ਸ਼ਹਾਦਤ ਮੌਜੂਦ ਹੈ ! ਜਦ ਕਿ ਪੁਲੀਸ, ਸਿਵਲ, ਸਭ ਉਸ ਦੇ ਖਿਲਾਫ਼ ਹਨ। ਹਾਂ, ਸੈਸ਼ਨ ਕੋਰਟ ਵਿਚ ਕੇਸ ਦੀ ਸੁਣਵਾਈ ਹੋਣੀ ਅਜੇ ਬਾਕੀ ਹੈ, ਪਰ ਆਸ ਹੈ ਕਿ ਲੋਅਰ ਕੋਰਟ ਦਾ ਫੈਸਲਾ ਹੀ ਉੱਚੇ ਬਹਾਲ ਰਹੇਗਾ ਅਤੇ ਇਹ ਫਾਂਸੀ ਦੇ ਤਖਤੇ ਤੇ ਝੂਟੇ ਜ਼ਰੂਰ ਹੀ ਲਵੇਗਾ।

ਅੱਜ ਮੈਂ ਜਦ ਬੰਗਲੇ ਤੋਂ ਆ ਕੇ ਆਪਣੇ ਜੇਲ੍ਹ ਦੇ ਦਫ਼ਤਰ ਵਿਚ ਬੈਠਾ ਹੀ ਸੀ ਤਦ ਇਕ ਸਿਪਾਹੀ ਨੇ ਵਿਜ਼ਟਿੰਗ ਕਾਰਡ ਮੈਨੂੰ ਦਿੱਤਾ। ਮੈਂ ਪੜ੍ਹ ਕੇ ਖੁਸ਼ੀ ਨਾਲ ਕੁਰਸੀ ਤੋਂ ਉਛਲ ਪਿਆ ਅਤੇ ਆਪਣੀ ਕਿਸਮਤ ਨੂੰ ਸਲਾਹੁਣ ਲੱਗ

Sri Satguru Jagjit Singh Ji Elibrary NamdhariElibrary@gmail com

ਪਿਆ ਕਿਉਂਕਿ ਕਾਰਡ ਸਾਡੇ ਬਰਟਨ ਸਾਹਿਬ ਦੀ ਲੜਕੀ ਮਿਸ ਸੋਫ਼ੀਆ ਦਾ ਸੀ।

ਸੋਫ਼ੀਆ ਆਪਣੇ ਜ਼ਮਾਨੇ ਦੀ ਇਕੋ ਇਕ ਹੀ ਹੁਸੀਨਾ ਸੀ ਜਿਸ ਨੂੰ ਰੱਬ ਨੇ ਰੱਜ ਕੇ ਰੂਪ, ਨਜ਼ਾਕਤ ਤੇ ਨਫ਼ਾਸਤ ਬਖਸ਼ੀ ਸੀ। ਉਸ ਦੀਆਂ ਮੋਟੀਆਂ-ਮੋਟੀਆਂ ਤੇ ਕਜਲਾਰੀਆਂ ਅੱਖਾਂ ਦਿਲ 'ਤੇ ਤੀਰ ਵਾਂਗ ਘਾਉ ਕਰਦੀਆਂ ਜਾਂਦੀਆਂ ਸਨ। ਮਨੋਹਰ, ਚਮਕੀਲੇ, ਘੁੰਘਰਾਲੇ ਭੂਰੇ-ਭੂਰੇ ਜਿਹੇ ਵਾਲਾਂ ਦੀਆਂ ਲਿਟਾਂ, ਰਹਿ ਰਹਿ ਕੇ ਉਸਦੀਆਂ ਗੁਲਾਬੀ ਗੱਲਾਂ ਨੂੰ ਚੁੰਮ ਰਹੀਆਂ ਸਨ। ਉਸ ਦੀ ਲਾਲ ਭਾਹ ਮਾਰਦੀ ਲੰਮੀ ਗਰਦਨ, ਬੋਲਚਕ ਤੇ ਉਭਰਵੇਂ ਜੋਬਨ ਅਤੇ ਪਤਲੀ ਕਮਰ ਗਜ਼ਬ ਢਾਹ ਰਹੀ ਸੀ। ਉਸ ਨੇ ਕੰਨਾਂ ਵਿਚ ਸੁਬਕ ਹੀਰੇ ਤੇ ਬੁੰਦੇ, ਗਲੇ ਵਿਚ ਮੋਤੀਆਂ ਦਾ ਹਾਰ, ਬਾਹਾਂ ਵਿਚ ਜਵਾਹਰਾਤ, ਜੜੀਆਂ ਵੰਗਾਂ ਪਾਈਆਂ ਹੋਈਆਂ ਸਨ। ਇਸ ਸੱਜ ਧੱਜ ਨਾਲ ਉਹ ਅਰਸ਼ੋਂ ਉਤਰੀ ਹੂਰ ਲੱਗਦੀ ਸੀ। ਭਾਵੇਂ ਉਹ ਸੁਕਮਾਰੀ ਅਜੇ ਕੁਆਰੀ ਹੀ ਸੀ ਪਰ ਪਤਾ ਨਹੀਂ ਅੱਜ ਉਹ ਕਿਸ ਦੇ ਵਾਰੇ ਨਿਆਰੇ ਕਰਨ ਲਈ ਸੱਜੀ ਫੱਬੀ ਫਿਰ ਰਹੀ ਸੀ। ਗੁਲਾਬੀ ਜਿਹੇ ਰੰਗ ਤੇ ਅੱਖਾਂ ਇੰਝ ਲੱਗਦੀਆਂ ਸਨ ਜਿਵੇਂ ਮੋਤੀ ਕੱਟ ਕੇ ਬਣਾਈਆਂ ਹਨ। ਉਸ ਦੇ ਸਾਰੇ ਅੰਗ ਨੂਰ ਵਿਚ ਢਲੇ ਲਗਦੇ ਸਨ। ਗੋਲ ਕਲਾਈਆਂ, ਕਿਆਮਤ ਦੀ ਚਿਤਵਨ, ਦਿਲ ਫਰੇਬ ਅਦਾ, ਭੋਲੇ ਮਨ ਨਾਲ ਮਿਲੀ ਜੁਲੀ, ਪੂਰਬੀ ਅਤੇ ਪੱਛਮੀ ਸੰਸਕ੍ਰਿਤੀ ਅਤੇ ਖ਼ੂਬਸੂਰਤੀ ਦਾ ਮਿਸ਼ਰਣ ਇਕ ਅਜੀਬ ਹੀ ਰੰਗ ਬੰਨ੍ਹ ਰਹੀ ਸੀ। ਉਸ ਦੀ ਮਾਂ ਅੰਗਰੇਜ਼ ਅਤੇ ਪਿਉ ਭਾਰਤੀ ਸੀ। ਇੰਝ ਦਾ ਇਹ ਮਿਸ਼ਰਣ ਉਸ ਦੇ ਗੁੱਡ ਫਾਦਰ ਦੇ ਸਮੇਂ ਤੋਂ ਚਲਿਆ ਆ ਰਿਹਾ ਸੀ। ਉਹ ਦੋਵੇਂ ਸੱਭਤਾਵਾਂ ਦਾ ਸੰਗੀ ਸੀ। ਕੀ ਪੁਲਿਸ ਤੇ ਕੀ ਸਿਵਲੀਅਨ, ਕਾਲੇ ਤੇ ਗਰੇ, ਉਸ ਦੀ ਮਿਹਰਬਾਨੀ ਭਰੀ ਪਿਆਰ ਚਿਤਵਨ ਤੇ ਕੁਰਬਾਨ ਹੋ ਰਹੇ ਸਨ, ਪਰ ਉਸ ਪੱਥਰ ਦਿਲ ਛੋਕਰੀ ਨੇ ਅਜ ਤੀਕ ਕਿਸੇ ਨੂੰ ਵੀ ਆਪਣੇ ਦਿਲ ਦੇ ਤਖ਼ਤੇ ਤਾਉਸ 'ਤੇ ਥਾਂ ਨਹੀਂ ਸੀ ਦਿੱਤੀ। ਉਹ ਕਿਸੇ ਵੱਲ ਵੀ ਤੇ ਅੱਖ ਭਰ ਕੇ ਨਹੀਂ ਸੀ ਤਕਦੀ। ਜਿੰਨੀ ਚੰਚਲਤਾ, ਚਪਲਤਾ, ਚੁਲਬੁਲਾਪਨ ਇਸ ਜ਼ਮਾਨੇ ਦੀਆਂ ਐਂਗਲੋ ਅਤੇ ਐਂਗਲੋ-ਇੰਡੀਅਨ ਗੋਰੀਆਂ ਵਿਚ ਸੀ, ਇਹ ਉਨ੍ਹਾਂ ਸਭਨਾਂ ਤੋਂ ਸੱਖਣੀ, ਨੇਕ ਦਿਲ, ਉਦਾਰ ਤਬੀਅਤ, ਧਾਰਮਿਕ ਮਾਈਂਡਿਡ ਕੁੜੀ ਸੀ। ਕਈਆਂ ਚੰਗੇ ਚੰਗੇ ਯੋਰਪੀਨ ਤੇ ਇੰਡੀਅਨ ਅਫ਼ਸਰਾਂ ਨੇ ਉਸ ਨੂੰ ਆਪਣੇ ਦਿਲ ਦੀ ਮਲਕਾ ਬਣਾਉਣਾ ਚਾਹਿਆ, ਪਰ ਉਸ ਕਿਸੇ ਨੂੰ ਵੀ ਭਾਗਸ਼ਾਲੀ ਨਾ ਬਣਾਇਆ। ਮੈਂ ਵੀ ਅਜੇ ਤੀਕ ਮੈਰਿਜ ਨਹੀਂ ਸੀ ਕਰਾਈ। ਮੈਂ ਚਾਹੁੰਦਾ ਸੀ ਕਿ ਉਹ ਮੇਰੇ ਚੰਨ ਨੂੰ ਆਬਾਦ ਕਰੇ। ਇਸ ਖਿਆਲ ਨਾਲ ਮੈਂ ਕਈ ਵਾਰ, ਚਾਹ ਅਤੇ ਖਾਣੇ ਤੇ ਉਸ ਨੂੰ ਬੁਲਾਇਆ। ਉਹ ਇਸ ਨੂੰ ਆਈ ਗਈ ਕਰ ਕੇ ਕੋਈ ਨਾ ਕੋਈ ਬਹਾਨਾ ਲਾ ਕੇ ਇਨਕਾਰ ਕਰ ਦਿੰਦੀ। ਕੀ ਉਹ ਮੈਨੂੰ ਆਪ ਮਿਲਣ ਆਈ ਹੈ ? ਕਿਹਾ ਨਹੀਂ ਜਾ ਸਕਦਾ। ਅੱਜ ਮੈਂ ਸੱਚ ਮੁੱਚ ਹੀ ਵਡਭਾਗਾ ਹਾਂ। ਮੈਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ ਸਨ, ਕਦੀ ਮੁੱਛਾਂ ਸੁਆਰਦਾ, ਕਦੀ ਆਪਣੇ ਹੋਂਟ ਨੂੰ ਠੀਕ ਕਰਦਾ, ਖੁਸ਼ੀ ਵਿੱਚ ਨੀਮ ਪਾਗਲ ਜਿਹਾ ਹੋਇਆ ਜੇਲ੍ਹ ਦੇ ਮੇਨ ਦਰਵਾਜ਼ੇ 'ਤੇ ਪੁੱਜਾ ਅਤੇ ਦੇਰੀ ਦੀ ਖਿਮਾ ਮੰਗਦਾ ਹੋਇਆ ਅੰਦਰ ਲੈ ਆਇਆ।

ਅੱਜ ਤੋਂ ਬਿਨਾਂ ਉਹ ਮੇਰੇ ਕੋਲ ਇਕੱਲੀ ਕਦੀ ਨਹੀਂ ਸੀ ਆਈ, ਮੈਂ ਹੈਰਾਨੀ ਨਾਲ ਉਸ ਨੂੰ ਯੋਰਪੀਨ ਸੱਭਿਅਤਾ ਅਨੁਸਾਰ ਨਮਸਕਾਰ ਕਰਕੇ ਦਫ਼ਤਰ ਵਿਚ ਲੈ ਆਇਆ। ਉਸ ਕੁਰਸੀ ਤੇ ਬੈਠਦਿਆਂ ਹੀ ਕਿਹਾ, "ਜੇ ਕੁਝ ਹਰਜ਼ ਨਾ ਸਮਝੇ ਤਾਂ ਮੈਂ ਜਰਾ ਉਸ 302 ਦੇ ਮੁਜ਼ਰਿਮ "ਕੂਕੇ" ਨੂੰ ਮਿਲਣਾ ਚਾਹੁੰਦੀ ਹਾਂ।" ਮੇਰੇ ਕੁਝ ਪੁਛਣ ਤੋਂ ਪਹਿਲਾਂ ਹੀ ਉਹ ਬੋਲ ਉੱਠੀ।

ਚੱਲਦਾ.....

Sri Satguru Jagjit Singh Ji Elibrary NamdhariElibrary@gmail com

ਸੁੱਚੇ ਮੋਤੀ

ਇਨ੍ਹਾਂ ਪੰਜਾਂ ਦਾ ਕੋਈ ਮਜ਼ਹਬ ਨਹੀਂ ਹੁੰਦਾ: ਬੱਚਾ, ਸ਼ਾਇਰ, ਪਾਗਲ, ਗਿਆਨੀ ਅਤੇ ਵੇਸਵਾ।

-ਜਸਵੰਤ ਸਿੰਘ ਕੰਵਲ

ਦੂਸਰਿਆਂ ਦਾ ਭਲਾ ਸਿਰਫ ਕ੍ਰਿਤਗਯਤਾ ਪ੍ਰਾਪਤ ਕਰਨ ਲਈ ਨਾ ਕਰੋ। ਯਾਦ ਰੱਖੋ ਕਿ ਈਸਾ ਨੇ ਦਸ ਕੋਹੜੀਆਂ ਦਾ ਇਲਾਜ ਕੀਤਾ ਸੀ ਪ੍ਰੰਤੂ ਕੇਵਲ ਇਕ ਨੇ ਹੀ ਉਨ੍ਹਾਂ ਨੂੰ ਧੰਨਵਾਦ ਦਿੱਤਾ। ਸੋ ਜਿੰਨੀ ਕ੍ਰਿਤਗਯਤਾ ਦੂਸਰਿਆਂ ਤੋਂ ਈਸਾ ਨੂੰ ਮਿਲੀ ਉਸ ਤੋਂ ਜ਼ਿਆਦਾ ਦੀ ਆਸ ਕਿਉਂ ਕਰੀਏ।

-ਡੇਲ ਕਾਰਨੇਗੀ

ਜੋ ਵਿਅਕਤੀ ਤੁਹਾਨੂੰ ਪਸੰਦ ਨਹੀਂ ਉਸਦੇ ਬਾਰੇ ਸੋਚ ਵਿਚਾਰ ਕੇ ਇਕ ਪਲ ਵੀ ਬਰਬਾਦ ਨਾ ਕਰੋ।

-ਡੇਲ ਕਾਰਨੇਗੀ

ਸਾਨੂੰ ਚੰਗੀਆਂ ਮਾਵਾਂ ਦਿਓ, ਮੈਂ ਤੁਹਾਨੂੰ ਚੰਗੀ ਕੌਮ ਦਿਆਂਗਾ।

-ਨੈਪੋਲੀਅਨ

ਜੋ ਕੁਝ ਮੈਂ ਹਾਂ, ਜਾਂ ਹੋਣ ਦੀ ਆਸ ਰੱਖਦਾ ਹਾਂ, ਆਪਣੀ ਫਰਿਸ਼ਤਿਆਂ ਵਰਗੀ ਮਾਂ ਦਾ ਸਦਕਾ ਹਾਂ।

-ਅਬਰਾਹਮ ਲਿੰਕਨ

ਚੰਗੀ ਇਸਤਰੀ ਕੰਡੇਦਾਰ ਝਾੜੀ ਨੂੰ ਫੁੱਲ ਬਣਾਉਂਦੀ ਹੈ ਅਤੇ ਗਰੀਬ ਤੋਂ ਗਰੀਬ ਘਰ ਨੂੰ ਵੀ ਸਵਰਗ ਬਣਾ ਦੇਂਦੀ ਹੈ।

-ਗੋਲਡ ਸਮਿਥ

Sri Satguru Jagjit Singh Ji Elibrary NamdhariElibrary@gmail com

ਬੱਚਿਆਂ ਦਾ ਪੰਨਾ

ਗੁਰੂ ਤੇਗ ਬਹਾਦਰ ਜੀ ਅਤੇ ਮੱਖਣ ਸ਼ਾਹ

ਮੱਖਣ ਸ਼ਾਹ ਲੁਬਾਣਾ ਇਕ ਵਪਾਰੀ ਸੀ । ਉਹ ਦੇਸ਼-ਵਿਦੇਸ਼ ਵਿੱਚ ਵਪਾਰ ਕਰਦਾ ਹੁੰਦਾ ਸੀ । ਇਕ ਵਾਰ ਉਸ ਦਾ ਜਹਾਜ ਸਮੁੰਦਰ ਦੀਆਂ ਲਹਿਰਾਂ ਵਿੱਚ ਫਸ ਗਿਆ । ਮੱਖਣ ਸ਼ਾਹ ਨੇ ਦੇਵੀ-ਦੇਵਤਿਆਂ ਅੱਗੇ ਬਹੁਤ ਅਰਦਾਸਾਂ ਕੀਤੀਆਂ ਪਰ ਜਹਾਜ ਨਾ ਨਿਕਲਿਆ । ਅੰਤ ਹਾਰ ਕੇ ਉਸ ਨੇ ਸਮੇਂ ਦੇ ਮਾਲਕ, ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮੇਰਾ ਜਹਾਜ ਨਿਕਲ ਜਾਵੇ, ਮੈਂ 500 ਮੋਹਰਾਂ ਮੱਥਾ ਟੇਕਾਂਗਾ । ਸਤਿਗੁਰੂ ਜੀ ਨੇ ਕਿਰਪਾ ਕੀਤੀ, ਜਹਾਜ ਪਾਰ ਲੱਗ ਗਿਆ ।

ਸੁੱਖਣਾ ਪੂਰੀ ਕਰਨ ਲਈ ਮੱਖਣ ਸ਼ਾਹ 500 ਮੋਹਰਾਂ ਭੇਟਾ ਕਰਨ ਲਈ ਬਕਾਲੇ ਪਹੁੰਚ ਗਿਆ । ਉੱਥੇ ਕਈ ਗੁਰੂ ਬਣੀ ਬੈਠੇ ਵੇਖ ਉਹ ਸੋਚੀਂ ਪੈ ਗਿਆ ਕਿ ਕਿਸਨੂੰ ਮੋਹਰਾਂ ਮੱਥਾ ਟੇਕਾਂ । ਉਸ ਸੋਚਿਆ ਕਿ ਮੈਂ ਪੰਜ-ਪੰਜ ਮੋਹਰਾਂ ਮੱਥਾ ਟੇਕਦਾ ਹਾਂ, ਜਿਹੜਾ ਅਸਲੀ ਗੁਰੂ ਹੋਵੇਗਾ, ਆਪੇ ਹੀ ਮੇਰੇ ਤੋਂ 500 ਮੋਹਰਾਂ ਮੰਗ ਲਵੇਗਾ । ਉਸ ਨੇ ਸਭ ਨੂੰ 5-5 ਮੋਹਰਾਂ ਮੱਥਾ ਟੇਕੀਆਂ । ਉਹ ਸਾਰੇ ਨਕਲੀ ਗੁਰੂ 5-5 ਮੋਹਰਾਂ ਲੈ ਕੇ ਖੁਸ਼ ਹੋ ਗਏ । ਕਿਸੇ ਨੇ ਵੀ 500 ਮੋਹਰਾਂ ਨਾ ਮੰਗੀਆਂ।

ਮੱਖਣ ਸ਼ਾਹ ਨੇ ਪੁੱਛਿਆ ਕਿ ਕੋਈ ਹੋਰ ਵੀ ਗੁਰੂ ਹੈ ? ਤਾਂ ਜਿਸਨੇ ਦੱਸਿਆ ਕਿ ਇਕ ਤੇਗਾ ਨਾਂ ਦਾ ਕਮਲਾ ਹੈ ਜੋ ਅੰਦਰ ਭੋਰੇ ਵਿਚ ਬੈਠਾ ਰਹਿੰਦਾ ਹੈ। ਮੱਖਣ ਸ਼ਾਹ ਨੇ ਉਸਨੂੰ ਵੀ ਜਾ ਕੇ ਪੰਜ ਮੋਹਰਾਂ ਮੱਥਾ ਟੇਕੀਆਂ ।

ਅੱਗੋਂ ਸਤਿਗੁਰੂ ਜੀ ਕਹਿਣ ਲੱਗੇ, "ਭਾਈ ਸੁੱਖਣਾ ਤਾਂ ਪੰਜ ਸੌ ਮੋਹਰਾਂ ਦੀ ਹੈ ਤੇ ਮੱਥਾ ਪੰਜ ਮੋਹਰਾਂ ਹੀ ਟੇਕ ਰਿਹਾ ਹੈਂ। ਇਹ ਠੀਕ ਨਹੀਂ।" ਸਤਿਗੁਰੂ ਜੀ ਨੇ ਨਾਲ ਹੀ ਆਪਣਾ ਮੋਢਾ ਵਿਖਾਇਆ ਜੋ ਜਹਾਜ ਕੱਢਦੇ ਸਮੇਂ ਜਖ਼ਮੀ ਹੋ ਗਿਆ ਸੀ ।

ਇਹ ਵੇਖ ਮੱਖਣ ਸ਼ਾਹ ਮਸਤਾਨਾ ਹੋ ਗਿਆ ਅਤੇ ਕੋਠੇ 'ਤੇ ਚੜ੍ਹ ਕੇ ਪੱਲੂ ਫੇਰ ਉੱਚੀ-ਉੱਚੀ ਆਵਾਜ਼ ਵਿਚ ਕਿਹਾ-

"ਗੁਰੂ ਲਾਧੋ ਰੇ- ਗੁਰੂ ਲਾਧੋ ਰੇ।"

ਅਸਲੀ ਗੁਰੂ ਤਾਂ ਗੁਰੂ ਤੇਗ ਬਹਾਦਰ ਜੀ ਹਨ । ਬਾਕੀ ਸਭ ਨਕਲੀ ਹਨ । ਗੁਰੂ ਤੇਗ ਬਹਾਦਰ ਜੀ ਦੇ ਚਰਨੀ ਲੱਗੋ । ਅਸਲੀਅਤ ਪਤਾ ਲੱਗਣ 'ਤੇ ਸਾਰੀ ਸੰਗਤ ਨੇ ਗੁਰੂ ਤੇਗ ਬਹਾਦਰ ਜੀ ਨੂੰ ਨਮਸਕਾਰ ਕੀਤੀ ।

Sri Satguru Jagjit Singh Ji Elibrary NamdhariElibrary@gmail com

ਖ਼ਬਰਨਾਮਾ

ਪ੍ਰੋ. ਕਿਰਪਾਲ ਸਿੰਘ ਜੀ ਕਸੇਲ ਨੂੰ ਅੰਤਿਮ- ਵਿਦਾਇਗੀ

ਸਾਹਿਤਕ ਹਲਕਿਆਂ 'ਚ ਇਹ ਬੜੀ ਦੁਖਦਾਇਕ ਖ਼ਬਰ ਹੈ ਕਿ ਉੱਘੇ ਸਾਹਿਤਕਾਰ ਸਾਹਿਤ ਰਤਨ ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦਾ 14 ਅਪ੍ਰੈਲ ਸ਼ਾਮੀ ਪਟਿਆਲਾ ਵਿਖੇ ਦਿਹਾਂਤ ਹੋ ਗਿਆ। ਉਹਨਾਂ ਨੇ ਅੰਤਿਮ ਸਾਹ ਆਪਣੇ ਗ੍ਰਹਿ ਮੁਹੱਲਾ ਸੂਵੀ ਗਰਾਂ ਪਟਿਆਲਾ ਵਿਖੇ 7:40 ਵਜੇ ਦੇ ਕਰੀਬ ਲਏ।

ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਜਨਮ 19 ਮਾਰਚ, 1928 ਨੂੰ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਪਿਤਾ ਸ. ਗੰਗਾ ਸਿੰਘ ਦੇ ਘਰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਕਸੇਲ ਵਿਖੇ ਹੋਇਆ। ਪਿਤਾ ਦਾ ਸਾਇਆ ਛੋਟੀ ਉਮਰ 'ਚ ਉੱਠ ਗਿਆ ਅਤੇ ਮਾਤਾ ਮਹਿੰਦਰ ਕੌਰ ਨੇ ਪਾਲਣ-ਪੋਸ਼ਣ ਕੀਤਾ।

1951 ਵਿਚ ਪੰਜਾਬ 'ਚ ਪਹਿਲੀ ਪੰਜਾਬੀ ਐੱਮ.ਏ. ਸ਼ੁਰੂ ਹੋਈ ਤੇ ਕਸੇਲ ਨੇ ਫਸਟ ਕਲਾਸ ਪਾਸ ਕੀਤੀ। ਲਾਇਲਪੁਰ ਖਾਲਸਾ ਕਾਲਜ ਜਲੰਧਰ, ਰਾਮਗੜ੍ਹੀਆ ਕਾਲਜ ਫਗਵਾੜਾ, ਸਰਕਾਰੀ ਕਾਲਜ ਗੁਰਦਾਸਪੁਰ ਤੇ ਸਰਕਾਰੀ ਕਾਲਜ ਲੁਧਿਆਣਾ ਵਿਖੇ ਪੰਜਾਬੀ ਦੇ ਅਧਿਆਪਕ ਵਜੋਂ ਸੇਵਾ ਕਰਦਿਆਂ 36 ਸਾਲ ਦੀ ਉਮਰ ਵਿਚ ਨੇਤਰਹੀਨ ਹੋ ਗਏ। ਨੇਤਰਹੀਨ ਹੋਣ ਦੇ ਬਾਵਜੂਦ ਇਨ੍ਹਾਂ ਨੇ ਸਾਹਿਤਕ ਕਾਰਜ ਜਾਰੀ ਰੱਖਿਆ। ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਵਾਰਤ ਨੰ.10 ਨਾਵਲ, ਛੱਤੀ ਅੰਮ੍ਰਿਤ ਕਵਿਤਾ ਦੀਆਂ ਕਿਤਾਬਾਂ ਲਿਖੀਆਂ। ਭਾਸ਼ਾ ਵਿਭਾਗ ਵਿਚ ਨੇਤਰਹੀਨ ਹੋਣ ਤੋਂ ਬਾਅਦ 'ਚ ਨੌਕਰੀ ਤੇ ਲੱਗ ਗਏ ਤੇ ਫਿਰ ਇਨ੍ਹਾਂ ਨੂੰ ਆਪਣੇ ਪਿਤਰੀ ਵਿਭਾਗ ਸਿੱਖਿਆ 'ਚ ਵਾਪਸ ਭੇਜ ਦਿੱਤਾ ਗਿਆ। ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਸੇਵਾ ਮੁਕਤ ਹੋਏ। ਦਰਜਨਾਂ ਦੇ ਕਰੀਬ ਪੰਜਾਬੀ ਪੁਸਤਕਾਂ ਦੇ ਲੇਖਕ ਪ੍ਰੋ.ਕਸੇਲ ਜੀ ਨੂੰ ਸ਼੍ਰੋਮਣੀ ਸਾਹਿਤਕਾਰ ਦਾ ਐਵਾਰਡ ਮਿਲਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਜੀਵਨ ਫੈਲੋਸ਼ਿਪ ਦਿੱਤੀ ਹੋਈ ਸੀ। ਪ੍ਰੋ. ਪੂਰਨ ਸਿੰਘ ਦੀ ਸਮੁੱਚੀ ਅੰਗ੍ਰੇਜ਼ੀ ਕਵਿਤਾ ਦਾ ਆਪ ਨੇ ਪੰਜਾਬੀ ਵਿੱਚ ਅਨੁਵਾਦ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕੰਵਲਾ ਦੁਆਰਾ ਆਪ ਨੂੰ 'ਸਾਹਿਤ-ਰਤਨ' ਸਨਮਾਨ ਨਾਲ ਨਿਵਾਜਿਆ ਗਿਆ। ਆਪ ਨੇ 2500 ਪੇਜਾਂ ਦਾ ਤਿੰਨ ਭਾਗਾਂ ਵਿਚ ਨਾਮਧਾਰੀ ਇਤਿਹਾਸ ਲਿਖਿਆ ਅਤੇ ਪ੍ਰਬੰਧ ਕਾਵਿ 'ਜੈਸਾ ਸਤਿਗੁਰ ਸੁਣੀਦਾ' ਕਾਵਿ ਪੁਸਤਕ ਲਿਖੀ। ਆਪ ਦਾ ਨਾਮ ਪੰਜਾਬੀ ਸਾਹਿਤ ਜਗਤ ਵਿਚ ਧ੍ਰੁ ਤਾਰੇ ਵਾਂਗ ਚਮਕਦਾ ਰਹੇਗਾ।

ਪ੍ਰੋ. ਕਸੇਲ ਜੀ ਦਾ ਇਸ਼ਨਾਨ ਕਰਵਾਉਣ ਉਪਰੰਤ ਸੇਵਕ ਹਰਪਾਲ ਸਿੰਘ ਨੇ ਦਸਤਾਰ ਸਜਾਈ। ਬਲਬੀਰ ਸਿੰਘ ਜੀ ਵਲੋਂ ਅੰਮ੍ਰਿਤ ਛਕਾਇਆ ਗਿਆ। ਉਪਰੰਤ ਡੋਲਕੀ ਛੈਣਿਆਂ ਦੇ ਨਾਲ ਸ਼ਬਦ ਪੜ੍ਹਦੇ ਹੋਏ ਸ਼ਮਸ਼ਾਨਘਾਟ ਵਿੱਚ ਲਿਜਾਇਆ ਗਿਆ। ਘਲੋੜੀ ਗੇਟ ਪਟਿਆਲਾ ਦੇ ਸ਼ਮਸ਼ਾਨਘਾਟ ਵਿਚ ਪ੍ਰੋ. ਕਸੇਲ ਜੀ ਦਾ ਸਸਕਾਰ ਕੀਤਾ ਗਿਆ ਤੇ ਮਾ. ਦਰਸ਼ਨ ਸਿੰਘ ਜੀ ਵੱਲੋਂ ਕਿਰਤਨ ਸੋਹਿਲੇ ਦਾ ਪਾਠ ਕਰਨ ਮਗਰੋਂ ਸੂਬਾ ਬਲਵਿੰਦਰ ਸਿੰਘ ਝੱਲ ਜੀ ਨੇ ਅੰਤਿਮ ਅਰਦਾਸ ਕੀਤੀ। ਇਨ੍ਹਾਂ ਦਾ ਸਸਕਾਰ 15 ਅਪ੍ਰੈਲ ਨੂੰ ਦੁਪਹਿਰੇ 1 ਵਜੇ ਹੋਇਆ।

ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਨੂੰ ਅੰਤਿਮ ਸ਼ਰਧਾਜਲੀ ਦੇਣ ਲਈ ਸਤਿੰਦਰ ਸਿੰਘ ਨੰਦਾ, ਜ. ਬਲਬੀਰ ਸਿੰਘ, ਸਵਿੰਦਰ ਸਿੰਘ, ਕਵੀਸ਼ਰ ਗੁਰਸੇਵਕ ਸਿੰਘ, ਗੁਰਬਖਸ਼ ਸਿੰਘ, ਇੰਦਰ ਸਿੰਘ, ਜਗਤਾਰ ਸਿੰਘ, ਬਿਦੀ ਸਿੰਘ ਆਦਿ ਮੌਜੂਦ ਸਨ।

Sri Satguru Jagjit Singh Ji Elibrary NamdhariElibrary@gmail com

ਸ੍ਰੀ ਸਤਿਗੁਰੁ ਉਦੇ ਸਿੰਘ ਜੀ ਦਾ ਰਾਂਚੀ,
ਹਜ਼ਾਰੀਬਾਗ ਅਤੇ ਡਾਲਟਨ ਗੰਜ ਦਾ ਦੌਰਾ

ਸਿੱਖ ਇਤਿਹਾਸ ਦੇ ਪਿਛੋਕੜ ਵਿੱਚ ਨਜ਼ਰ ਮਾਰ ਕੇ ਵੇਖਿਆ ਜਾਵੇ ਤਾਂ ਅਕਸਰ ਹੀ ਇਸ ਗੱਲ ਦਾ ਜ਼ਿਕਰ ਮਿਲਦਾ ਹੈ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸੰਸਾਰ ਅੰਦਰ ਵੱਸਦੇ ਸਿੱਖਾਂ ਨੇ ਆਪਣੇ ਸਤਿਗੁਰੂ ਸਾਹਿਬਾਨ ਨੂੰ ਦਿਲੋਂ ਯਾਦ ਕੀਤਾ ਤਾਂ ਹਜ਼ੂਰ ਸਤਿਗੁਰੂ ਜੀ ਨੇ ਉੱਥੇ-ਉੱਥੇ ਜਾ ਕੇ ਆਪਣੇ ਸਿੱਖਾਂ ਨੂੰ ਜਾ ਨਿਵਾਜਿਆ। ਸਾਡਾ ਇਤਿਹਾਸ ਇਸ ਗੱਲ ਦਾ ਗਵਾਹ ਹੈ। ਇਸੇ ਆਪਣੀ ਪੁਰਾਤਨ ਅਤੇ ਪਿਛੋਕੜ ਦੀ ਪਰੰਪਰਾ ਨੂੰ ਬਰਕਰਾਰ ਰੱਖਦੇ ਹੋਏ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਰੁਝੇਵਿਆਂ ਭਰੇ ਸਮੇਂ ਚੋਂ ਸਮਾਂ ਕੱਢ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਜੀ ਅਤੇ ਨਿਵਾਜੀ ਹੋਈ ਸਾਧ ਸੰਗਤ ਦੀ ਅਰਜ਼ ਨੂੰ ਪ੍ਰਵਾਨ ਕਰਦੇ ਹੋਏ ਉਹਨਾਂ ਨੂੰ ਜਾ ਨਿਵਾਜਦੇ ਹਨ। ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਖਾਲਸਾਈ ਪੁਰਬ ਹੋਲੇ-ਮਹੱਲੇ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਝਾਰਖੰਡ ਦੀ ਸੰਗਤ ਵਲੋਂ ਸ: ਸੁਖਪਾਲ ਸਿੰਘ ਡਾਲਟਨਗੰਜ ਨਿਵਾਸੀ ਦੇ ਅਰਜ ਕਰਨ ਤੇ ਸ੍ਰੀ ਸਤਿਗੁਰੂ ਜੀ 26 ਮਾਰਚ 2019 ਮੁਤਾਬਿਕ 13 ਚੇਤਰ 2075 ਬਿਕ੍ਰਮੀ ਦਿਨ ਮੰਗਲਵਾਰ ਤੋਂ ਆਪਣ ਤਿੰਨ ਦਿਨਾਂ ਝਾਰਖੰਡ ਦਾ ਪ੍ਰੋਗਰਾਮ ਉਲੀਕਿਆ। ਸਿੱਖ ਸਮੇਂ ਮੁਤਾਬਿਕ ਸ੍ਰੀ ਭੈਣੀ ਸਾਹਿਬ ਤੋਂ ਇਕ ਦਿਨ ਪਹਿਲਾਂ ਸੇਵਕ ਆਸਾ ਸਿੰਘ, ਲਾਂਗਰੀ ਵਰਿਆਮ ਸਿੰਘ, ਰਾਗੀ ਸੰਤ ਹਰਬੰਸ ਸਿੰਘ ਘੁੱਲਾ ਜੀ, ਸ਼ਾਮ ਸਿੰਘ ਰਾਗੀ, ਸੰਤ ਗੁਰਦਿਆਲ ਸਿੰਘ ਰਾਇਸਰ ਪਾਠ ਪ੍ਰਬੰਧਕ, ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਅਤੇ ਸੂਬਾ ਬਲਵਿੰਦਰ ਸਿੰਘ ਝੱਲ ਦਿੱਲੀ ਤੋਂ ਇੰਡੀਗੋ ਦੀ ਫਲਾਈਟ ਰਾਹੀ 25 ਮਾਰਚ ਸ਼ਾਮ ਨੂੰ 7 ਵਜੇ ਤੱਕ ਰਾਂਚੀ ਪਹੁੰਚ ਚੁੱਕੇ ਸਨ। ਰਾਂਚੀ ਹੀ ਬੀਬੀ ਸੁਰਜੀਤ ਕੌਰ ਦੇ ਘਰ 26 ਮਾਰਚ ਨੂੰ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ ਅਤੇ ਸ਼ਾਮ ਸਿੰਘ ਰਾਗੀ ਨੇ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਬਾਅਦ ਰਾਂਚੀ ਦੇ ਸੰਤ ਗੁਰਦਿਆਲ ਸਿੰਘ ਚੰਨੀ ਦੀ ਅਗਵਾਈ ਵਿਚ ਨਾਮਧਾਰੀ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਨੂੰ ਲੈਣ ਲਈ 8 ਵਜੇ ਬਿਰਮਾ ਮੁੰਡਾ ਹਵਾਈ ਅੱਡਾ ਰਾਂਚੀ ਤੇ ਪਹੁੰਚ ਚੁੱਕੇ ਸੀ। ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਲਈ ਸੂਬਾ ਹਰਭਜਨ ਸਿੰਘ ਲੁਧਿਆਣਾ ਪਹਿਲਾਂ ਹੀ ਹਾਜ਼ਿਰ ਸਨ। 8 ਵੱਜ ਕੇ 35 ਮਿੰਟ 'ਤੇ ਸ੍ਰੀ ਸਤਿਗੁਰੂ ਜੀ ਪੂਜਨੀਕ ਮਾਤਾ ਗੁਰਸ਼ਰਨ ਕੌਰ ਜੀ ਅਤੇ ਸੇਵਕ ਕਰਤਾਰ ਸਿੰਘ ਹਵਾਈ ਅੱਡੇ ਤੋਂ ਬਾਹਰ ਆਏ, ਸੰਗਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਅਤਿ ਪ੍ਰਸੰਨਤਾ ਮਹਿਸੂਸ ਕਰ ਰਹੀ ਸੀ। ਸ੍ਰੀ ਸਤਿਗੁਰੂ ਜੀ ਇਕ ਕੁਰਸੀ ਉੱਪਰ ਬੈਠ ਕੇ ਸਾਧ ਸੰਗਤ ਨੂੰ ਦਰਸ਼ਨ ਦਿੱਤੇ। ਸਭਨਾਂ ਨੇ ਵਾਰੀ ਵਾਰੀ ਸ੍ਰੀ ਸਤਿਗੁਰੂ ਜੀ ਸ਼ਰਧਾ ਅਤੇ ਸਤਿਕਾਰ ਸਹਿਤ ਨਮਸਕਾਰ ਕੀਤੀ। ਸ੍ਰੀ ਸਤਿਗੁਰੂ ਜੀ ਨੇ ਬੜੇ ਹੀ ਪਿਆਰ ਨਾਲ ਸਭਨਾਂ ਦਾ ਹਾਲ ਪੁੱਛਿਆ। ਇਵੇਂ ਹੀ ਗੱਡੀਆਂ ਤੇ ਸਵਾਰ ਹੋ ਸ੍ਰੀ ਸਤਿਗੁਰੂ ਜੀ ਹਜ਼ਾਰੀ ਬਾਗ ਦਰਸ਼ਨ ਦੇਣ ਲਈ ਚੱਲ ਪਏ। ਹਵਾਈ ਅੱਡੇ ਤੇ ਸੁਖਪਾਲ ਸਿੰਘ ਡਾਲਟਨ ਗੰਜ ਵੀ ਹਾਜ਼ਿਰ ਸੀ।

ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਦੀ ਨਿੱਜੀ ਸੁਰੱਖਿਆ ਲਈ ਤੈਨਾਤ ਪੰਜਾਬ ਪੁਲਿਸ ਦੇ ਜਵਾਨ ਪਰਗਟ ਸਿੰਘ, ਗੁਰਦੇਵ ਸਿੰਘ, ਜਗਦੀਪ ਸਿੰਘ, ਅਤੇ ਜਸਜੀਤ ਸਿੰਘ ਪਹਿਲਾਂ ਹੀ ਰਾਂਚੀ ਪਹੁੰਚੇ ਹੋਏ ਸਨ। ਸ੍ਰੀ ਸਤਿਗੁਰੂ ਜੀ ਨੂੰ ਭਾਰਤ ਸਰਕਾਰ ਵਲੋਂ ਜੈਡ ਪਲੱਸ ਸ਼੍ਰੇਣੀ ਦੀ ਸੁਰੱਖਿਆ ਹੋਣ ਕਾਰਨ ਝਾਰਖੰਡ ਸਟੇਟ ਦੀ ਪੁਲਿਸ ਵੀ ਅਤਿ ਅਧੁਨਿਕ ਸਹੂਲਤਾਂ ਨਾਲ ਲੈਸ ਹੋ ਕੇ ਸ੍ਰੀ ਸਤਿਗੁਰੂ ਜੀ ਦੀ ਸੁਰੱਖਿਆ ਲਈ ਹਾਜ਼ਿਰ ਸੀ। ਰਾਂਚੀ ਹਵਾਈ ਅੱਡੇ ਤੋਂ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫ਼ਲਾ ਹਜ਼ਾਰੀਬਾਗ ਲਈ ਚੱਲ ਪਿਆ। ਹਜ਼ਾਰੀਬਾਗ ਦੀ ਉਹ ਧਰਤੀ ਜਿਸਦਾ ਨਾਮਧਾਰੀ ਇਤਿਹਾਸ ਨਾਲ ਭਾਵਨਾ ਪੂਰਵਕ ਸੰਬੰਧ ਹੈ, ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਸ ਲਾਡਲੇ ਸਪੂਤ ਸੂਬਾ ਸਾਹਿਬ ਸਿੰਘ ਜੀ ਆਪਣੀ ਜ਼ਿੰਦਗੀ ਦੇ ਆਖਰੀ ਦਿਨ ਹਜਾਰੀ ਬਾਗ ਦੀ ਜੇਲ੍ਹ ਅੰਦਰ ਗੁਜ਼ਾਰੇ ਅਤੇ ਆਪਣਾ ਆਖਰੀ ਸਾਹ ਵੀ ਇਥੇ ਹਜ਼ਾਰੀਬਾਗ ਦੀ ਜੇਲ੍ਹ ਵਿਚ ਹੀ ਲਿਆ, ਸੂਬਾ ਸਾਹਿਬ ਸਿੰਘ ਪੰਜ ਭੂਤਕ ਸਰੀਰ ਤਿਆਗ ਕੇ ਸ਼ਹਾਦਤ ਦਾ ਜਾਮ ਪੀ ਗਿਆ। ਸ੍ਰੀ ਸਤਿਗੁਰੂ ਜੀ 11 ਵਜੇ ਹਜ਼ਾਰੀਬਾਗ ਪਹੁੰਚੇ, ਪ੍ਰਸ਼ਾਦ ਪਾਣੀ ਛੱਕ ਕੇ ਰਾਗੀ ਸਿੰਘਾਂ ਨੂੰ ਹੁਕਮ ਹੋਇਆ ਕਿ ਇਕ ਸ਼ਬਦ ਸੂਬਾ ਸਾਹਿਬ ਸਿੰਘ ਦੀ ਯਾਦ ਵਿਚ ਜਰੂਰ ਪੜ੍ਹਿਆ ਜਾਵੇ, ਸਾਜ ਸੁਰ ਹੋ ਗਏ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਜੀ ਅਤੇ ਸ਼ਾਮ ਸਿੰਘ ਨੇ ਸ਼ਬਦ ਪੜ੍ਹਿਆ, "ਨਾਨਕ ਐਸੀ ਮਰਨੀ ਜੋ ਮਰੈ, ਤਾਂ ਸਦ ਹੀ

Sri Satguru Jagjit Singh Ji Elibrary NamdhariElibrary@gmail com

ਜੀਵਨ ਹੋਇ॥" ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਵਿੱਤਰ ਗੁਰਬਾਣੀ ਦੇ ਪੰਜ ਪਾਠਾਂ ਦੇ ਭੋਗ ਪਾਏ ਗਏ। 2 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, 2 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, 1 ਪਾਠ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿਚ। ਸ੍ਰੀ ਸਤਿਗੁਰੂ ਜੀ ਨੇ ਮੈਨੂੰ ਕੋਲ ਬੁਲਾ ਕੇ ਹੁਕਮ ਕੀਤਾ ਕਿ ਅਰਦਾਸ ਕਰਨੀ ਕਿ ਸੂਬਾ ਸਾਹਿਬ ਸਿੰਘ ਦੀ ਯਾਦ ਵਿਚ ਮੇਲਾ ਕੀਤਾ ਗਿਆ ਹੈ। ਦੁਪਹਿਰੇ ਇੱਕ ਵਜੇ ਹਜ਼ਾਰੀਬਾਗ ਤੋਂ ਡਾਲਟਨ ਗੰਜ ਲਈ ਚਾਲੇ ਪਾਏ। ਸ੍ਰੀ ਸਤਿਗੁਰੂ ਜੀ ਸ: ਸੁਖਪਾਲ ਸਿੰਘ ਡਾਲਟਨ ਗੰਜ ਦੀ ਫਾਰਚੂਨਰ ਗੱਡੀ ਵਿਚ ਸਵਾਰ ਸਨ ਜਿਸ ਨੂੰ ਸੁਖਪਾਲ ਸਿੰਘ ਖੁਦ ਚਲਾ ਰਿਹਾ ਸੀ। ਕਾਫੀ ਲੰਮੇ ਸਫ਼ਰ ਨੂੰ ਤੈਅ ਕਰਕੇ ਗੱਡੀਆਂ ਦਾ ਇਹ ਕਾਫ਼ਲਾ ਸ਼ਾਮ 5:25 ਤੇ ਸਵ. ਸ. ਪ੍ਰਿਤਪਾਲ ਸਿੰਘ ਦੇ ਸਪੁੱਤਰ ਸੁਖਪਾਲ ਸਿੰਘ ਅਤੇ ਅਜੇਪਾਲ ਸਿੰਘ ਦੇ ਘਰ ਆਣ ਉਤਾਰਾ ਕੀਤਾ। ਸ਼ਾਮ ਦਾ ਪ੍ਰੋਗਰਾਮ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਗੁਰਦੁਆਰਾ ਲਾਵਾਟੇਲੀ ਵਿਖੇ 6 ਤੋਂ 7 ਵਜੇ ਤੱਕ ਨਾਮ ਸਿਮਰਨ ਹੋਇਆ ਅਤੇ ਸੰਤ ਗੁਰਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਕਥਾ ਕੀਤੀ। ਸ਼ਾਮ ਦਾ ਕੀਰਤਨ ਨਾਮ ਸਿਮਰਨ ਦੀ ਸਮਾਪਤੀ ਉਪਰੰਤ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਅਤੇ ਸ਼ਾਮ ਸਿੰਘ ਨੇ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਪਾਠੀ ਸਿੰਘਾਂ ਦਾ ਜਥਾ ਵੀ ਡਾਲਟਨ ਗੰਜ ਪਹੁੰਚਿਆ ਹੋਇਆ ਸੀ। ਇਥੇ ਨਾਮਧਾਰੀ ਧਰਮਸ਼ਾਲਾ ਵਿਖੇ ਹੀ ਅਖੰਡ ਪਾਠ ਆਰੰਭ ਕੀਤਾ ਹੋਇਆ ਸੀ।

ਮਿਤੀ 27 ਮਾਰਚ 2019ਮੁਤਾਬਿਕ 14 ਚੇਤਰ 2075 ਦਿਨ ਬੁੱਧਵਾਰ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਬਾਅਦ ਡਾਲਟਨ ਗੰਜ ਦੇ ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿਚ ਸ਼ਬਦ ਪੜ੍ਹਿਆ, "ਐਸੇ ਗੁਰ ਕਉ ਬਲਿ ਬਲਿ ਜਾਈਐ।" ਅਤੇ "ਆਜ ਹਮਾਰੈ ਮੰਗਲਾਚਾਰ॥" ਬੱਚਿਆਂ ਦੇ ਪ੍ਰੋਗਰਾਮ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ ਬੱਚੇ ਸਟੇਜ ਤੇ ਆਉਣ ਅਤੇ ਗੁਰਬਾਣੀ ਦੀ ਇੱਕ ਪਉੜੀ ਜਾਂ ਜਿੰਨਾ ਵੀ ਹੋ ਸਕੇ ਗੁਟਕੇ ਤੋਂ ਪੜ੍ਹ ਕੇ ਸੁਨਾਉਣ। ਬੱਚੇ ਵਾਰੋ ਵਾਰੀ ਸਟੇਜ ਤੇ ਆਏ ਅਤੇ ਗੁਰਬਾਣੀ ਦੀਆਂ ਕੁਝ ਪਉੜੀਆਂ ਪੜ੍ਹ ਕੇ ਸੁਣਾਈਆਂ। ਫਿਰ ਸ੍ਰੀ ਸਤਿਗੁਰੂ ਜੀ ਰਾਗੀ ਸ਼ਾਮ ਸਿੰਘ ਨੂੰ ਹੁਕਮ ਕੀਤਾ ਕਿ ਜਪੁ ਜੀ ਸਾਹਿਬ ਦੀਆਂ ਪਹਿਲੀਆਂ ਤਿੰਨ ਪਉੜੀਆਂ ਸ਼ੁਧ ਉਚਾਰਣ ਕਰਕੇ ਪੜ੍ਹ ਕੇ ਬੱਚਿਆਂ ਨੂੰ ਦਸਿਆ ਜਾਵੇ ਕਿ ਕਿਸਨੇ ਕੀ ਗਲਤੀ ਕੀਤੀ ਹੈ। ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਵਿਚ ਬੱਚਿਆਂ ਦੇ ਮਾਪਿਆਂ ਨੂੰ ਹੁਕਮ ਕੀਤਾ ਕਿ ਬੱਚਿਆਂ ਨੂੰ ਗੁਰਬਾਣੀ ਅਨੁਸਾਰ ਗੁਰਸਿੱਖੀ ਜੀਵਨ ਦੇ ਧਾਰਨੀ ਬਣਾਇਆ ਜਾਵੇ ਤਾਂ ਜੋ ਬੱਚੇ ਵੱਡੇ ਹੋ ਕੇ ਗੁਰਸਿੱਖੀ ਜੀਵਨ ਦੇ ਨਾਲ-ਨਾਲ ਦੇਸ਼ ਦੇ ਵਧਿਆ ਨਾਗਰਿਕ ਬਣ ਸਕਣ। ਉਪਰੰਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਵਿੱਤਰ ਗੁਰਬਾਣੀ ਦੇ ਇਕ ਅਖੰਡ ਪਾਠ ਦਾ ਭੋਗ ਸਵ: ਸ. ਪ੍ਰਿਤਪਾਲ ਸਿੰਘ ਦੇ ਸਪੁੱਤਰ ਸੁਖਪਾਲ ਸਿੰਘ, ਅਜੇਪਾਲ ਸਿੰਘ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਇਆ ਗਿਆ। ਇਥੋਂ ਹੀ ਸਾਧ ਸੰਗਤ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਡਾਲਟਨ ਗੰਜ ਵਿਖੇ ਕੁਝ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਸਭ ਤੋਂ ਪਹਿਲਾਂ ਸ. ਗੁਰਮੁਖ ਸਿੰਘ, ਮਹਿੰਦਰ ਸਿੰਘ, ਉਂਕਾਰ ਸਿੰਘ, ਸੰਤੋਖ ਸਿੰਘ, ਮੰਗਲ ਸਿੰਘ, ਪ੍ਰੀਤਮ ਸਿੰਘ, ਅਜੀਤ ਸਿੰਘ, ਅਮਰ ਸਿੰਘ, ਲਾਲ ਸਿੰਘ, ਕੁਲਦੀਪ ਸਿੰਘ ਭੋਲਾ, ਮਨਜੀਤ ਪ੍ਰਕਾਸ਼ ਦੇ ਘਰਾਂ ਵਿਚ ਚਰਨ ਪਾ ਸ੍ਰੀ ਸਤਿਗੁਰੂ ਜੀ ਦਰਸ਼ਨ ਦਿੱਤੇ। ਸ. ਸੁਖਪਾਲ ਸਿੰਘ, ਅਜੇਪਾਲ ਸਿੰਘ ਦੇ ਗ੍ਰਹਿ ਵਿਖੇ ਆਣ ਪ੍ਰਸ਼ਾਦਾ ਛਕਣ ਉਪਰੰਤ ਵਾਪਸੀ ਦੀ ਤਿਆਰੀ ਸੀ। ਘਰੋਂ ਚੱਲ ਕੇ ਰਸਤੇ ਵਿਚ ਸ. ਸੁਖਪਾਲ ਸਿੰਘ, ਅਜੇਪਾਲ ਸਿੰਘ ਦੀ ਬੁਲਿਟ ਮੋਟਰ ਸਾਈਕਿਲ ਦੀ ਏਜੰਸੀ ਵਿਚ ਚਰਨ ਪਾਉਣ ਉਪਰੰਤ ਇਹਨਾਂ ਵੱਲੋਂ ਨਵੀਂ ਬਿਲਡਿੰਗ ਦੀ ਉਸਾਰੀ ਦਾ ਕਾਰਜ ਅਰੰਭ ਕਰਨ ਲਈ ਅਤੇ ਵਾਪਸ ਰਾਂਚੀ ਲਈ ਅਰਦਾਸਾ ਸੋਧ ਚਾਲੇ ਪਾ ਦਿੱਤੇ। ਡਾਲਟਨ ਗੰਜ ਤੋਂ ਲਾਤੇਹਾਰ ਦੇ ਰਸਤੇ ਹੁੰਦੇ ਹੋਏ 2:45 ਤੇ ਰਾਂਚੀ ਪਹੁੰਚੇ ਤਾਂ ਸ. ਦਇਆ ਸਿੰਘ ਅਤੇ ਬਲਕਾਰ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਡਾ. ਸ. ਗੁਰਦਿਆਲ ਸਿੰਘ ਚੰਨੀ ਦੇ ਘਰ ਪਹੁੰਚ ਸ੍ਰੀ ਸਤਿਗੁਰੂ ਜੀ ਨੇ ਡੇਰਾ ਕੀਤਾ। ਇਥੇ ਹੀ ਕੁਝ ਸਮਾਂ ਆਰਾਮ ਕਰਨ ਬਾਅਦ ਇਥੇ ਹੀ ਅਰਸਹਾਈਟਸ ਵਿਖੇ ਹੀ ਸ਼ਾਮ ਦੇ ਨਾਮ ਸਿਮਰਨ ਦਾ ਪ੍ਰੋਗਰਾਮ 6 ਤੋਂ 7 ਵਜੇ ਤੱਕ ਸੀ। ਨਾਮ ਸਿਮਰਨ ਦੌਰਾਨ ਹੀ ਸੰਤ ਗੁਰਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਕਥਾ ਕੀਤੀ। ਇਥੇ ਰਾਂਚੀ ਹੀ ਟਾਟਾ ਨਗਰ ਤੋਂ ਸ. ਰਘਬੀਰ ਸਿੰਘ, ਦਵਿੰਦਰ ਸਿੰਘ, ਲਖਵਿੰਦਰ ਸਿੰਘ, ਰਛਪਾਲ ਸਿੰਘ, ਤਲਵਿੰਦਰ ਸਿੰਗ, ਕੁਲਵਿੰਦਰ ਸਿੰਘ, ਝੁਜਾਰ ਸਿੰਘ, ਅਤੇ ਬੀਬੀਆਂ ਵੀ ਸੰਗਤ ਦੇ ਰੂਪ ਵਿਚ ਪਹੁੰਚੀਆਂ ਹੋਈਆਂ ਸਨ।

ਮਿਤੀ 28 ਮਾਰਚ 2019 ਮੁਤਾਬਿਕ 15 ਚੇਤਰ 2075 ਵੀਰਵਾਰ ਸਵੇਰੇ ਆਸਾ ਦੀ ਵਾਰ ਦਾ

Sri Satguru Jagjit Singh Ji Elibrary NamdhariElibrary@gmail com

ਕੀਰਤਨ ਹਜ਼ੂਰੀ ਰਾਗੀ ਜਥੇ ਨੇ ਗਾਰਡਨ ਹਾਈਪਰ ਅਪਾਰਟਮੈਂਟ ਵਿਖੇ ਹੀ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਵਾਰ ਦੀ ਸਮਾਪਤੀ ਬਾਅਦ ਸ. ਚੰਨੀ ਜੀ ਗ੍ਰਹਿ ਵਿਖੇ ਪ੍ਰਸਾਦਾ ਛਕਣ ਉਪਰੰਤ ਹਵਾਈ ਅੱਡੇ ਲਈ ਵਾਪਸ ਸ੍ਰੀ ਭੈਣੀ ਸਾਹਿਬ ਆਉਣ ਲਈ ਚਾਲੇ ਪਾ ਦਿੱਤੇ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਆਪਣੇ ਝਾਰਖੰਡ ਇਲਾਕੇ ਦਾਤ ਦੌਰਾ ਸਫਲਤਾ ਪੂਰਵਕ ਸਮਾਪਤ ਕਰਦੇ ਹੋਏ ਰਾਂਚੀ, ਡਾਲਟਨ ਗੰਜ, ਹਜ਼ਾਰੀਬਾਗ ਅਤੇ ਟਾਟਾ ਨਗਰ ਦੀਆਂ ਸੰਗਤਾਂ ਨੂੰ ਖੁਸ਼ੀਆਂ ਬਖਸ਼ਦੇ ਹੋਏ ਬਿਰਮਾ ਮੁੰਡਨ ਹਵਾਈ ਅੱਡਾ, ਰਾਂਚੀ ਤੋਂ ਹਵਾਈ ਸਫ਼ਰ ਰਾਹੀਂ ਵਾਪਸ ਦਿੱਲੀ ਲਈ ਚਾਲੇ ਪਾ ਦਿੱਤੇ। 11:15 ਵਜੇ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਤੋਂ ਗੱਡੀਆਂ ਵਿਚ ਸਵਾਰ ਹੋ ਕੇ ਸ੍ਰੀ ਭੈਣੀ ਸਾਹਿਬ ਵਾਪਸ ਆਣ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

ਰਿਪੋਰਟ– ਸੂਬਾ ਬਲਵਿੰਦਰ ਸਿੰਘ ਝੱਲ

ਹਜਾਰੀ ਬਾਗ ਵਿਚ ਕਾਫੀ ਲੰਮੇ ਸਮੇਂ ਤੋਂ ਸੇਵਾ ਨਿਭਾ ਰਹੇ ਮਹੰਤ ਜਗਦੀਸ਼ ਸਿੰਘ ਨੇ ਸਮੇਤ ਪਰੀਵਾਰ ਆਈ ਸਾਧ ਸੰਗਤ ਦੀ ਸੇਵਾ ਸਰਧਾ ਪੂਰਵਕ ਕੀਤੀ।ਅਤੇ ਪਰੀਵਾਰ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਸ਼ੁਕਰਾਨਾ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪ੍ਰਬੰਧਕਾਂ ਨੂੰ ਉਚੇਚੇ ਤੌਰ ਤੇ ਹੁਕਮ ਕੀਤਾ ਕਿ ਇਸ ਸਾਰੀ ਜਗ੍ਹਾ ਨੂੰ ਬਣਾ ਸਵਾਰ ਕੇ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿਚ ਵਧੀਆ ਸਮਾਰਕ ਬਣਾਇਆ ਜਾਵੇ। ਇਥੋਂ ਹੀ ਸ੍ਰੀ ਸਤਿਗੁਰੂ ਜੀ ਡਾਲਟਨ ਗੰਜ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਚੱਲ ਪਏ।

- ਸੂਬਾ ਬਲਵਿੰਦਰ ਸਿੰਘ ਝੱਲ

ਖ਼ਬਰ

ਹਜਾਰੀ ਬਾਗ (ਝਾਰਖੰਡ) ਵਿਖੇ
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ

ਹਿੰਦੋਸਤਾਨ ਦੀ ਆਜ਼ਾਦੀ, ਧਰਮ ਦੀ ਰੱਖਿਆ ਅਤੇ ਗਊ ਗਰੀਬ ਦੀ ਰੱਖਿਆ ਵਾਸਤੇ ਭਾਵੇਂ ਅਨੇਕਾਂ ਨਾਮਧਾਰੀ ਸੂਰਬੀਰਾਂ ਨੇ ਸ਼ਹਾਦਤਾਂ ਦਿੱਤੀਆਂ ਪਰ ਹਜਾਰੀ ਬਾਗ ਦੀ ਜੇਲ੍ਹ ਅੰਦਰ ਸ਼ਹਾਦਤ ਦਾ ਜਾਮ ਪੀਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਿਵਾਜੇ ਲਾਡਲੇ ਸਪੂਤ ਸੂਬਾ ਸਾਹਿਬ ਸਿੰਘ ਜੀ ਦੀ ਸ਼ਹਾਦਤ ਇਤਿਹਾਸ ਦੇ ਪੰਨਿਆਂ ਤੇ ਹਮੇਸ਼ਾਂ ਧਰੂਹ ਤਾਰੇ ਵਾਂਗ ਚਮਕਦੀ ਰਹੇਗੀ। ਸੂਬਾ ਸਾਹਿਬ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਹੋਇਆਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਹਜ਼ਾਰੀਬਾਗ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਨਾਲ ਗਏ ਹਜ਼ੂਰੀ ਰਾਗੀ ਹਰਬੰਸ ਸਿੰਗ ਘੁੱਲਾ ਅਤਰ ਰਾਗੀ ਸ਼ਾਮ ਸਿੰਘ ਨੇ ਸਤਿਗੁਰੂ ਜੀ ਦੇ ਹਜ਼ੂਰ ਸੂਬਾ ਸਾਹਿਬ ਸਿੰਘ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸ਼ਬਦ ਪੜਿਆ, "ਨਾਨਕ ਐਸੀ ਮਰਨੀ ਜੋ ਮਰੈ, ਤਾਂ ਸਦ ਹੀ ਜੀਵਨ ਹੋਏ॥ " ਪਵਿੱਤਰ ਗੁਰਬਾਣੀ ਦੇ ਪੰਜ ਪਾਠਾ ਦੇ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਏ ਗਏ। ਦੋ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, ਦੋ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, ਇਕ ਪਾਠ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿਚ,

International Women's Day
Achievements & Awards

Dear NSSUK - DB With Membership No: Ji

Sat Sri Akal

Celebrating International Women's Day, we would like to recognise one such individual, who has made an endless positive contribution to society. Harmit Kaur Ahluwalia (Anju) has worked with victims of domestic and sexual abuse for 12 years. She also runs a small business, Self Love, as a healer, coach, and a professional motivational speaker, whilst running workshops for those who need it the most. Anju is also the co-founder of Food4All, a charity set up to provide support and food for the homeless across London.

WAW - Women Appreciating Women is

Sri Satguru Jagjit Singh Ji Elibrary NamdhariElibrary@gmail com

a global movement established by the amazing visionary woman Dr Pauline Long to bring women together to appreciate one another, and to support each other without boundaries in business, humanitarian projects, activism, professionally and personally, in all aspects of life.

On 8th March 2019, on the International Women's Day, Anju was presented with the WAW Honorary Award, and will be officially included in the WAW Hall of Fame, and "WAW - 100 Most Inspirational Women In The World", a book that will be launched on the 25th March at the Houses of Parliament, and distributed worldwide.

Some of the phenomenal women who have been presented with WAW Honorary Awards include The First Lady of Jamaica Hon. Juliet Holness MP, former Vice President of Zimbabwe Dr Joice Mujuru, Veteran Hollywood Make up artist Kim Elba, CEO of Diana Awards Tess Ojo, former pilot and business development leader Tara Howard, International artist Dr Vivian Timothy, visionary leader Dr Viola Edward, top photographer Monika Schaible, Founder of Ann Frank Trust Gillian Walness MBE, young leader Heather Lloyd and more.

Congratulations Anju, on this achievement.

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਸੰਬੰਧੀ ਇੱਕ ਵਿਸ਼ੇਸ਼ ਸੈਮੀਨਾਰ ਰੋਪੜ ਵਿਖੇ

ਸਰਕਾਰੀ ਕਾਲਜ ਰੋਪੜ ਵਿੱਚ 16 ਅਪ੍ਰੈਲ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਸੰਬੰਧੀ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਮੁੱਖ ਵਕਤਾ (ਬੁਲਾਰੇ) ਵਜੋਂ ਸੇਵਕ ਹਰਪਾਲ ਸਿੰਘ ਜੀ ਅਤੇ ਸੂਬਾ ਸੁਰਿੰਦਰ ਕੌਰ ਖਰਲ ਜੀ ਨੇ ਹਾਜ਼ਰੀ ਭਰੀ। ਰੋਪੜ ਕਾਲਜ ਦੇ ਪ੍ਰਿੰਸੀਪਲ ਡਾ. ਸੰਤ ਸੁਰਿੰਦਰਪਾਲ ਸਿੰਘ ਜੀ ਨੇ ਆਏ ਹੋਏ ਮੁੱਖ ਮਹਿਮਾਨਾਂ ਤੇ ਨਾਮਧਾਰੀ ਸੰਗਤ ਦਾ ਸੁਵਾਗਤ ਕਰਦੇ ਹੋਏ 'ਜੀ ਆਇਆ ਆਖਿਆ।' ਪ੍ਰਿੰਸੀਪਲ ਸਾਹਿਬ ਵਲੋਂ ਮੁੱਖ ਵਕਤਿਆਂ ਨੂੰ ਸੈਮੀਨਰ ਹਾਲ ਵਿੱਚ ਬੜੇ ਅਦਬ ਨਾਲ ਲਿਜਾਇਆ ਗਿਆ। ਜਿੱਥੇ ਲਗਭਗ 150 ਦੇ ਕਰੀਬ ਵਿਦਿਆਰਥੀ ਮੌਜੂਦ ਸਨ। ਸਟੇਜ ਸੈਕਟਰੀ ਡਾ. ਨਿਰਮਲ ਸਿੰਘ ਨੇ ਆਏ ਮਹਿਮਾਨਾਂ ਦਾ ਇਕ ਵਾਰੀ ਫਿਰ ਸਵਾਗਤ ਕਰਦੇ ਹੋਏ ਪ੍ਰਿੰਸੀਪਲ ਡਾ. ਸੰਤ ਸੁਰਿੰਦਰਪਾਲ ਸਿੰਘ, ਸੇਵਕ ਹਰਪਾਲ ਸਿੰਘ ਅਤੇ ਸੇਵਕ ਰਛਪਾਲ ਸਿੰਘ ਨੂੰ ਸਟੇਜ ਤੇ ਬਿਠਾਇਆ। ਸਟੇਜ ਸੈਕਟਰੀ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦੇਸ਼ ਦੀ ਆਜ਼ਾਦੀ ਲਈ ਘਾਲੀ ਗਈ ਘਾਲਣਾ ਬਾਰੇ ਆਪਣੇ ਸ਼ਬਦਾਂ ਵਿੱਚ ਦੱਸਿਆ। ਉਪਰੰਤ ਸੂਬਾ ਸੁਰਿੰਦਰ ਕੌਰ ਖਰਲ ਜੀ ਨੂੰ ਭਾਸ਼ਣ ਲਈ ਸੱਦਾ ਦਿੱਤਾ।

ਸੂਬਾ ਸੁਰਿੰਦਰ ਕੌਰ ਖਰਲ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਹੋਏ ਸੰਖੇਪ ਵਿੱਚ ਦੱਸਿਆ। ਕਿ ਸਤਿਗੁਰੂ ਰਾਮ ਸਿੰਘ ਨੇ ਖਾਲਸੇ ਦੀ ਪੁਨਰ ਸਿਰਜਨਾ, ਵੱਟਾ ਨਾ ਕਰਨਾ, ਵਿਆਜ ਨਾ ਲੈਣਾ, ਵਿਧਵਾ ਵਿਆਹ, ਆਨੰਦ ਕਾਰਜ, ਅੰਤਰ ਜਾਤੀ ਵਿਆਹ, ਨਾ-ਮਿਲਵਰਤਨ ਲਹਿਰ ਆਦਿ ਅਨੇਕਾਂ ਹੀ ਹੋਰ ਸਮਾਜ ਤੇ ਦੇਸ਼ ਦੇ ਸੁਧਾਰ ਲਈ ਕਾਰਜ ਕੀਤੇ। ਸਤਿਗੁਰੂ ਜੀ ਨੇ ਇਸਤਰੀ ਜਾਤੀ ਨੂੰ ਉੱਚਾ ਚੁੱਕਦਿਆਂ ਹੋਇਆਂ ਪਹਿਲੀ ਵਾਰ ਸਿਆੜ ਪਿੰਡ ਵਿੱਚ ਬੀਬੀਆਂ ਨੂੰ ਅੰਮ੍ਰਿਤ ਛਕਾਇਆ। ਸਤਿਗੁਰੂ ਜੀ ਨੇ ਗੁਰਮੁਖੀ ਅੱਖਰ ਬੱਚਿਆਂ ਨੂੰ ਪੜਾਉਣ ਤੇ ਸਿਖਾਉਣ ਲਈ ਵਿਸ਼ੇਸ਼ ਹੁਕਨਾਮੇ ਵੀ ਰੰਗੂਨ 'ਤੋਂ ਭੇਜੇ। ਸੂਬਾ ਜੀ ਨੇ

Sri Satguru Jagjit Singh Ji Elibrary NamdhariElibrary@gmail com

ਸਤਿਗੁਰੂ ਰਾਮ ਸਿੰਘ ਜੀ ਨੂੰ ਨਾ-ਮਿਲਵਰਤਨ ਦੇ ਮੋਢੀ ਦੱਸਦੇ ਹੋਏ ਕਿਹਾ ਕਿ ਜੇਕਰ ਅਸੀਂ ਸਭ ਉਹਨਾਂ ਦੇ ਦੱਸੇ ਹੋਏ ਰਸਤੇ ਤੇ ਚੱਲੀਏ ਤਾਂ ਸਾਡਾ ਸਮਾਜ ਤੇ ਦੇਸ਼ ਬਹੁਤ ਹੀ ਵਧੀਆਂ ਬਣ ਸਕਦਾ ਹੈ।

ਇਸ ਤੋਂ ਬਾਅਦ ਸਟੇਜ ਸੈਕਟਰੀ ਨੇ ਮੁੱਖ ਵਕਤਾ ਸੇਵਕ ਹਰਪਾਲ ਸਿੰਘ ਨੂੰ ਵਿਦਿਆਰਥੀਆਂ ਦੇ ਰੂਬਰੂ ਹੋਣ ਲਈ ਸੱਦਾ ਦਿੱਤਾ।

ਸੇਵਕ ਹਰਪਾਲ ਸਿੰਘ ਨੇ ਸਭ ਤੋਂ ਪਹਿਲਾ ਬਜ਼ੁਰਗਾਂ ਦੀ ਕਹੀ ਗੱਲ ਯਾਦ ਕਰਵਾਉਂਦਿਆ ਵਿਦਿਅਰਥੀਆਂ ਨੂੰ ਕਿਹਾ ਕਿ "ਕਮਾਊ ਪੁੱਤ ਬਣ ਤੋਂ ਪਹਿਲਾ ਸਾਊ ਪੁੱਤ ਬਣੋ।" ਸਤਿਗੁਰੂ ਨਾਨਕ ਦੇਵ ਜੀ ਦੀ ਸਾਂਝੀਵਾਲਤਾ ਦੀ ਗੱਲ ਕਰਦਿਆਂ ਹੋਇਆ ਕਿਹਾ ਕਿ "ਗੁਰੂ ਜੀ ਨੇ ਆਪਣੇ ਨਾਲ ਇੱਕ ਹਿੰਦੂ ਭਾਈ ਬਾਲਾ ਨੂੰ ਤੇ ਇੱਕ ਮੁਸਲਮਾਨ ਭਾਈ ਮਰਦਾਨਾ ਨੂੰ ਆਪਣੇ ਨਾਲ ਰੱਖਿਆ। ਉਹਨਾਂ ਨੇ ਗ਼ੁਲਾਮੀ ਦੀ ਗੱਲ ਕਰਦਿਆਂ ਹੋਇਆ ਦੱਸਿਆ ਕਿ "ਸਾਡੇ ਵਾਂਗ ਅੰਗ੍ਰੇਜ਼ਾਂ ਵਿੱਚ ਗੱਦਾਰ ਨਹੀਂ ਸਨ। ਇਸ ਕਰਕੇ ਹੀ ਉਹ ਵੱਡੀ ਦੁਨਿਆਂ ਤੇ ਰਾਜ ਕਰ ਸਕੇ।" ਸੇਵਕ ਜੀ ਨੇ ਕਿਹਾ ਕਿ "ਜੇਕਰ ਸਾਨੂੰ ਆਪਣਾ ਇਤਿਹਾਸ, ਆਪਣਾ ਵਿਰਸਾ ਪਤਾ ਹੋਵੇਗਾ ਤਾਂ ਹੀ ਅਸੀਂ ਚੰਗਾ ਇਤਿਹਾਸ ਰਚ ਸਕਾਂਗੇ ਕਿਉਂਕਿ ਪਿਛੋਕੜ ਨੂੰ ਦੇਖ ਕਿ ਹੀ ਆਪਣਾ ਭਵਿੱਖ ਸਵਾਰਿਆ ਜਾਂਦਾ ਹੈ ਤੇ ਪਿਛਲੀਆਂ ਮਾੜੀਆਂ ਗੱਲਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਇਸ ਲਈ ਇਤਿਹਾਸ ਪਤਾ ਹੋਣਾ ਬਹੁਤ ਜ਼ਰੂਰੀ ਹੈ।" ਸੇਵਕ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਗੱਲ ਕਰਦਿਆ ਕਿਹਾ ਕਿ "1857 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਸਿੱਖੀ ਨੂੰ ਪੁਨਰ ਸੁਰਜੀਤ ਕੀਤਾ ਓਥੇ ਨਾਲ ਹੀ ਸੰਪੂਰਨ ਸੁਤੰਤਰਤਾ ਅਤੇ ਸ਼ਾਤੀ ਦਾ ਪ੍ਰਤੀਕ ਸਫੈਦ ਝੰਡਾ ਵੀ ਲਹਿਰਾਇਆ।" ਨਾਮ-ਬਾਣੀ ਨਾਲੋਂ ਟੁੱਟ ਚੁੱਕੇ ਸਿੱਖਾਂ ਨੂੰ ਮੁੜ ਨਾਮ-ਬਾਣੀ ਨਾਲ ਸਤਿਗੁਰੂ ਰਾਮ ਸਿੰਘ ਜੀ ਨੇ ਜੋੜਿਆ। ਸਤਿਗੁਰੂ ਜੀ ਨੇ ਸਮਾਜ ਦੀਆਂ ਉਹ ਸਭ ਖਾਮੀਆਂ ਨੂੰ ਦੂਰ ਕਰਨ ਦਾ ਬੀੜਾ ਚੁੱਕਿਆ ਜਿਹਨਾਂ ਕਮਜ਼ੋਰੀਆਂ ਦੇ ਕਰਕੇ ਅਸੀਂ ਗੁਲਾਮ ਹੋਏ ਸੀ। ਸਤਿਗੁਰੂ ਜੀ ਨੇ ਵੱਡੇ ਤੋਂ ਵੱਡੇ ਨਸ਼ਈ ਨੂੰ ਵੀ ਦੇਸ਼ ਭਗਤ ਬਣਾ ਦਿੱਤਾ। ਜਿਹੜਾ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਕਦੀ ਮੁਖ਼ਬਰੀ ਵੀ ਕਰਨ ਆਇਆ ਉਹ ਵੀ ਉਹਨਾਂ ਦਾ ਸਿੱਖ ਬਣ ਗਿਆ।

ਇਸ ਤੋਂ ਬਾਅਦ ਕੁਝ ਵਿਦਿਆਰਥੀਆਂ ਵੱਲੋਂ ਸੇਵਕ ਹਰਪਾਲ ਸਿੰਘ ਨੂੰ ਪ੍ਰਸ਼ਨ ਕੀਤੇ ਗਏ। ਜਿਹਨਾਂ ਦੇ ਜਵਾਬ ਉਹਨਾਂ ਨੇ ਆਪਣੇ ਢੰਗ ਨਾਲ ਦਿੱਤੇ।

ਅਖੀਰ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਸੰਤ ਸੁਰਿੰਦਰਪਾਲ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਕੂਕਾ ਲਹਿਰ ਕੇਵਲ ਧਾਰਮਿਕ ਲਹਿਰ ਨਹੀਂ ਸੀ, ਇਸ ਦੇ ਬਹੁਤ ਸਾਰੇ ਰਾਜਨਿਤੀਕ ਅਤੇ ਸਮਾਜਿਕ ਸਰੋਕਾਰ ਵੀ ਸਨ। ਇਸ ਤੋਂ ਮਗਰੋਂ ਉਹਨਾਂ ਨੇ ਮੁੱਖ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਇਸ ਮੌਕੇ 'ਤੇ ਨਾਮਧਾਰੀ ਸੰਗਤ ਰੋਪੜ ਦੇ ਸੂਬਾ ਭੁਪਿੰਦਰ ਸਿੰਘ, ਗੁਰਦੇਵ ਸਿੰਘ, ਹਰਭਜਨ ਸਿੰਘ, ਭਗਵੰਤ ਸਿੰਘ, ਸ਼ਿੰਗਾਰ ਸਿੰਘ, ਬੀਬੀ ਜਸਵੀਰ ਕੌਰ, ਬੀਬੀ ਰਾਜਵਿੰਦਰ ਕੌਰ ਆਦਿ ਮੌਜੂਦ ਸਨ।

-ਤਰਨ ਸਿੰਘ ਬੱਲ

ਸੰਤ ਤਰਲੋਕ ਸਿੰਘ ਕੰਧਾਲੇ ਵਾਲਿਆਂ ਨਮਿਤ ਭੋਗ

ਸ੍ਰੀ ਭੈਣੀ ਸਾਹਿਬ 22ਅਪ੍ਰੈਲ 2019 -- "ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ"ਗੁਰਬਾਣੀ ਦੇ ਮੁਖਵਾਕ ਅਨੁਸਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਬਖਿਸ਼ਸਾਂ ਦੇ ਪਾਤਰ -ਸੰਤ ਤਰਲੋਕ ਸਿੰਘ ਜੀ ਕੰਧਾਲੇ ਵਾਲੇ ਕੁਝ ਕੁ ਦਿਨ ਢਿੱਲੇ ਰਹਿਕੇ -ਆਕਾਲ ਪੁਰਖ ਵਲੋਂ 73 ਕੁ ਸਾਲ ਦੀ ਮਿਲੀ ਆਪਣੀ ਸੁਵਾਸਾਂ ਦੀ ਪੂੰਜੀ ਭੋਗ 8 ਅਪ੍ਰੈਲ 2019 ਦਿਨ ਸੋਮਵਾਰ ਨੂੰ ਸਤਿਗੁਰੂ ਪ੍ਰਤਾਪ ਸ਼ਿੰਘ ਹਸਪਤਾਲ ਲੁਧਿਆਣਾ ਵਿਖੇ ਇਸ ਆਸਾਰ ਮਾਤ-ਲੋਕ ਤੋਂ ਵਿਦਾ ਹੋ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।

ਸੰਤ ਤਰਲੋਕ ਸਿੰਘ ਜੀ ਜੋ ਕਿ ਨਿਰਮਾਣਤਾ ਦੇ ਪ੍ਰਤੀਕ,ਇਮਾਨਦਾਰ,ਹਸਮੁੱਖ ਅਤੇ ਮਿਲਾਪੜੇ ਸੁਭਾਅ ਦੇ ਮਾਲਿਕ, ਸਮਾਜਵਾਦੀ ਨਿਸ਼ਕਾਮ ਸੇਵਕ ਜੋ ਅੰਮ੍ਰਿਤ ਵੇਲੇ ਉੱਠਕੇ ਨਾਮ ਸਿਮਰਨ ਕਰਨ ਵਾਲੇ,ਨਿਤ ਪੰਜਾਂ ਬਾਣੀਆਂ ਦਾ ਪਾਠ ਕਰਨ ਵਾਲੇ , ਆਪਣਾ ਜੀਵਨ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਢਾਲਣ ਵਾਲੇ, ਬਹੁਤ ਹੀ ਪਿਆਰੇ ਗੁਰਸਿੱਖ ਸਨ। ਸੰਤ ਤਰਲੋਕ ਸਿੰਘ ਜੀ ਦੇ ਵੱਡੇ ਵਡੇਰੇ-ਜਿਲਾ

Sri Satguru Jagjit Singh Ji Elibrary NamdhariElibrary@gmail.com

ਸਿਆਲਕੋਟ, ਤਹਿਸੀਲ ਨਾਰੋਵਾਲ, ਪਿੰਡ ਕੰਧਾਲਾ- ਪਾਕਿਸਤਾਨ ਦੇ ਵਸੀਂਦੇ ਸਨ।ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸੰਤਾਂ ਦੇ ਦਾਦਾ ਜੀ ਸੰਤ ਸਾਵਨ ਸਿੰਘ ਜੀ, ਤਾਇਆ ਜੀ ਸੰਤ ਕਿਸ਼ਨ ਸਿੰਘ ਜੀ,ਸੰਤ ਕਰਮ ਸਿੰਘ ਜੀ ਅਤੇ ਪਿਤਾ ਸੰਤ ਹਜ਼ਾਰਾ ਸਿੰਘ ਜੀ 1947 ਈ. ਨੂੰ ਰਾਵੀ ਪਾਰ ਕਰ ਸ੍ਰੀ ਜਵਿਨ ਨਗਰ (ਭਤੋਲਿਆਂ ਵਾਲੀ) ਕੁਝ ਦਿਨ ਰਹਿਕੇ ਦਿਲੀ ਵਿੱਚ ਰਹੇ।ਉਥੋਂ ਦਿਲੀ ਤੋਂ ਵੀ ਕੁਝ ਚਿਰ ਬਾਦ ਫਿਰ ਯਮੁਨਾ ਨਗਰ (ਜਗਾਧਰੀ) ਵਿੱਚ ਆਕੇ ਰਹਿਣ ਲੱਗ ਪਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿਸ ਵੇਲੇ ਵੀ ਯਮੁਨਾ ਨਗਰ ਵਿੱਖੇ ਦਰਸ਼ਨ ਦੇਣ ਦੀ ਕਿਰਪਾ ਕਰਨੀ ਤਾਂ ਸੰਤ ਕਿਸ਼ਨ ਸਿੰਘ ਜੀ (ਸੰਤਾਂ ਦੇ ਤਾਇਆ ਜੀ) ਨੂੰ ਕਹਿਣਾ ਕਿ ਭਾਈ ਜੀ -ਆਪਣੇ ਸਾਰੇ ਪਰਵਿਾਰ (ਤਿਨ੍ਹਾਂ ਭਰਾਵਾਂ ਦੇ ਬਚਿਆਂ ਨੂੰ) ਅੰਮ੍ਰਿਤ ਵੇਲੇ ਸਣੇਕੇਸੀਂ ਇਸ਼ਨਾਨ ਕਰਵਾਕੇ ਇਕ ਘੰਟਾ ਨਾਮ ਸਿਮਰਨ ਅਤੇ ਗੁਰਬਾਣੀ ਦਾ ਪਾਠ ਕਰਵਾਇਆ ਕਰੋ। ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਇਹੋ ਹੁਕਮ ਕਰਿਆ ਕਰਨਾ। ਸਾਡੇ ਸਾਰੇ ਪਰਿਵਾਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਥਾਹ ਬਖਸ਼ਿਸਾਂ ਕੀਤੀਆਂ ਅਤੇ ਹੁਣ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਅਥਾਹ ਖੁਸ਼ੀਆਂ ਬਖਸ਼ਿਸ ਕਰ ਰਹੇ ਹਨ।

ਸ਼ੰਤ ਤਰਲੋਕ ਸਿੰਘ ਜੀ ਨਮਿਤ ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਦਾ ਇਕ ਸਾਧਾਰਨ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ -ਸ੍ਰੀ ਭੈਣੀ ਸਾਹਿਬ ਵਿੱਖੇ - 22 ਅਪ੍ਰੈਲ 2019 ਦਿਨ ਸੋਮਵਾਰ ਨੂੰ ਦੁਪਹਿਰੇ ਪਾਇਆ ਗਿਆ। ਪਰਿਵਾਰ ਵਲੋਂ ਦੂਰੋਂ ਨੇੜਿਓਂ ਆਈ ਸਾਧ ਸਗੰਤ ਦਾ ਧੰਨਵਾਦ ਕੀਤਾ ਗਿਆ।ਅਤੇ ਗੁਰੂ ਕਾ ਲਗੰਰ ਅਤੁੱਟ ਵਰਤਾਇਆ ਗਿਆ।

ਸਵਿੰਦਰ ਸਿੰਘ ਨਾਮਧਾਰੀ

“ ਬੀਬੀ ਮਨਜੀਤ ਕੌਰ ਨਮਿਤ ਭੋਗ”

ਗੁਰਬਾਣੀ ਵਿੱਚ ਗੁਰੂ ਸਾਹਿਬਾਂ ਦਾ ਫੁਰਮਾਨ ਆਉਂਦਾ ਹੈ- “ਮਨ ਰੇ ਗੁਰਮੁਖ ਰਿਦੈ ਵਿਚਾਰਿ।ਤਜਿ ਕੂੜੁ ਕੁਟੰਬੁ ਹਉਮੈ ਬਿਖੁ ੜਿਸਨਾ ਚਲਣੁ ਰਿਦੈ ਸਮਾਲਿ”ਦੇ ਮੁਖਵਾਕ ਅਨੁਸਾਰ ਆਪਣੇ ਜੀਵਨ ਨੂੰ ਢਾਲਦਿਆਂ ਬੀਬੀ ਮਨਜੀਤ ਕੌਰ ਸੱਗੂ ਜੀ ਸਪੁਤਨੀ ਸੰਤ ਜਸਵਿੰਦਰ ਸਿੰਘ ਜੀ ਮੋਤੀ ਨਗਰ ਲੁਧਿਆਣਾ ਵਾਲੇ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰ ਘਰ ਦੇ ਸ਼ਰਧਾ ਵਾਨ ਸਿੱਖ ਸੇਵਕ -ਜੋ ਕੁਝ ਚਿਰ ਰੋਗ ਗ੍ਰਸਤ ਹੁੰਦੇ ਹੋਏ “ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ” ਦੇ ਅਨੁਸਾਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਕਰ - ਆਪਣਾ ਅੱਗਾ ਸੁਆਰਨ ਲਈ ਘਰ ਵਿੱਚ ਹਵਨ,ਵਰਨੀ,ਕਥਾ ਕੀਰਤਨ ਕਰਵਾਉਦਿੰਆਂ ਹੀ ਬੀਬੀ ਜੀ 57 ਕੁ ਸਾਲ ਦੀ ਆਰਜਾ ਭੋਗ ।।ਅਪ੍ਰੈਲ 2019 ਨੂੰ ਇਸ ਮਾਤ ਲੋਕ ਤੋਂ ਵਿਦਾ ਹੋ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।

ਬੀਬੀ ਜੀ ਬਚਪਨ ਤੋਂ ਹੀ ਮਾਤਾ ਪਿਤਾ ਤੋਂ ਸਿੱਖੇ ਗੁਰਸਿੱਖੀ ਗੁਣਾਂ ਅਨੁਸਾਰ ਹੀ “ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ” ਦੇ ਅਨੁਸਾਰ ਆਪਣੇ ਬਚਿਆਂ ਨੂੰ ਵੀ ਗੁਰਸਿੱਖੀ ਇਤਿਹਾਸ ਤੋਂ ਜਾਣੂੰ ਕਰਵਾਉਦਿਆਂ ਗੁਰੂ ਚਰਨਾਂ ਨਾਲ ਅਤੁੱਟ ਵਿਸ਼ਵਾਸ ਬਣਾਈ ਰਖਿਆ। ਬੀਬੀ ਜੀ ਦਾ ਅੰਮ੍ਰਿਤ ਵੇਲੇ ਦਾ ਉੱਠਣਾ, ਨਾਮ ਸਿਮਰਨ ਕਰਨਾ ਗੁਰਬਾਣੀ ਦਾ ਪਾਠ ਕਰਨਾ, ਸਾਧ ਸਗੰਤ ਵਿੱਚ ਗੁਰਬਾਣੀ ਦਾ ਰਸ ਮਈ ਕੀਰਤਨ ਕਰਨਾ,ਹਰ ਇਕ ਨਾਲ ਖਿੜ੍ਹੇ ਮੱਥੇ ਮਿਲਣਾ, ਜ਼ੁਬਾਨ ਵਿੱਚ ਹਰ ਵੇਲੇ ਮਿਠਾਸ ਰੱਖ, ਨਿਮਰਤਾ ਅਤੇ ਅਦਬ ਨਾਲ ਘਰ ਆਏ ਸਾਧਾਂ ਸੰਤਾਂ ਦੀ ਸੇਵਾ ਕਰਨੀ ਆਦਿ ਦਾ ਨਿਤ ਕਰਮ ਸੀ।

ਬੀਬੀ ਜੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਸਾਧਾਰਨ ਪਾਠ ਦਾ ਭੋਗ 22 ਅਪ੍ਰੈਲ 2019 ਦਿਨ ਸੋਮਵਾਰ ਦੁਪਹਿਰੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿੱਚ ਸ੍ਰੀ ਭੈਣੀ ਸਾਹਿਬ ਪਾਇਆ ਗਿਆ। ਰਾਗੀ ਬਲਵੰਤ ਸਿੰਘ ਜੀ ਨੇ ਕੀਰਤਨ ਕੀਤਾ। ਉਪਰੰਤ ਪਰਿਵਾਰ ਵਲੋਂ ਦੂਰੋਂ ਨੇੜਿਓਂ ਆਈ ਸਾਧ ਸਗੰਤ ਦਾ ਧੰਨਵਾਦ ਕੀਤਾ ਗਿਆ ਅਤੇ ਗੁਰੂ ਕਾ ਲਗੰਰ ਅਤੁੱਟ ਵਰਤਾਇਆ ਗਿਆ।

ਸਵਿੰਦਰ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

Na m Singh student of Satguru Partap singh academy icipated in 8th Thailand International Soft Tennis urnament 2019 and 5th AGEL WORLD TOUR SOFT NNIS CHAMPIONSHIP 2019 at Pattaya and he won BRONZE MEDAL in both the tournaments

On 8th March 2019, on the International Women's Day, Harmit kaur Ahluwalia Anju was presented with the WAW Honorary Award and will be officially included in the WAW Hall of Fame and "WAW - 100 Most Inspirational Women In The World", a book that will be launched on the 25th March at the Houses of Parliament, and distributed worldwide

ਨੈਸ਼ਨਲ ਯੂਥ ਫੈਸਟੀਵਲ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਉਪਰੰਤ ਪ੍ਰਿੰਸੀਪਲ ਅਤੇ ਗਵਰਨਿੰਗ ਕੌਂਸਲ ਵੱਲੋਂ ਰੋਲ ਆਫ਼ ਔਨਰ ਅਵਾਰਡ ਕਾਕਾ ਮਨਸਾ ਸਿੰਘ ਨਾਮਧਾਰੀ ਨੂੰ ਦਿੱਤਾ ਗਿਆ।

ਚੰਡੀਗੜ੍ਹ ਨਾਮਧਾਰੀ ਧਰਮਸ਼ਾਲਾ ਵਿਖੇ ਦਾਦਾ ਚੇਲਾ ਰਾਮ ਜੀ ਦੇ ਆਸ਼ਰਮ, ਸੋਲਨ (ਹਿਮਾਚਲ) ਤੋਂ ਸਮੂਹ ਜੱਥਾ ਸ਼ਾਮ ਦਾ ਵਿਸ਼ੇਸ਼ ਕੀਰਤਨ ਸਜਾਉਂਦੇ ਹੋਏ।

Date of Publication: 1-5-2019,
Date of Posting: 2-3 May 2019

RNI NO. 55658/93 Delhi Postal Regd. No. DL(W)
01/2055/18-20

ਦਸਮ ਪਿਤਾ ਜੀ ਨਾਲ ਮੇਲ

–ਮਾ.ਅਮਰੀਕ ਸਿੰਘ

ਖੋਲ੍ਹੀ ਅੱਖ ਤਾਂ ਚਕਿਤ ਹੋਏ ਕੌਤਕ ਵੇਖ ਨਿਰਾਲਾ,
ਦਸਮ ਪਿਤਾ ਸੰਗ ਪੰਜਾਂ ਸਿੰਘਾਂ ਦਿੱਤਾ ਦਰਸ਼ਨ ਆਲਾ।
ਫੜ ਲਈ ਵਾਗ ਬਾਬਾ ਜੀ ਉਠਕੇ ਅਰਜ਼ ਕਰੀ ਹਥ ਬੰਨ੍ਹਕੇ,
ਉੱਤਰੋ ਮੇਰੇ ਸਾਈਆਂ ਜੀਓ ਜਾਵਾਂ ਤੁਧ ਤੋਂ ਸਦਕੇ।
ਗੁਰ ਗੋਬਿੰਦ ਸਿੰਘ ਹੱਸਦੇ ਹੱਸਦੇ ਘੋੜਿਓਂ ਥੱਲੇ ਉਤਰੇ,
ਨਮਸਕਾਰ ਕਰ ਬਾਬਾ ਜੀ ਨੇ ਬਚਨ ਅਜੇਹੇ ਉਚਰੇ।
ਦੀਨ ਦਇਆਲ ਹੋ ਕਿਰਪਾਲੂ ਜੀ ਸੂਰਿਆਂ ਦੇ ਸਿਰਤਾਜੋ,
ਤੁਸੀਂ ਹੀ ਹੋ ਜੋ ਬਿਨਾਂ ਬੁਲਾਏ ਕੀੜੀ ਭੌਣ ਨਿਵਾਜੋ।
ਤੁਸੀਂ ਹੀ ਹੋ ਜਿੰਨ੍ਹਾਂ ਦੀ ਖਾਤਰ ਭਟਕ ਰਹੀ ਸੀ ਸੁਰਤੀ,
ਲਿਆ ਪਛਾਣ ਮੈਂ ਅਜ ਤੁਹਾਨੂੰ ਆਈ ਕੰਮ ਸਿਮਰਤੀ।
ਤੁਸਾਂ ਹੀ ਤਾਂ ਸਰਬੰਸ ਆਪਣੇ ਧਰਮ ਦੇ ਲੇਖੇ ਲਾਇਆ,
ਤੁਸਾਂ ਹੀ ਜੁਲਮ ਦੇ ਹੜ ਦੇ ਅੱਗੇ ਪੱਕਾ ਬੰਨ ਬਨਾਇਆ।
ਦੱਸੋ ਖਾਂ ਕਿਤੇ ਗਲਤ ਨਹੀ ਮੈਂ ਗੱਲਾਂ ਸਾਰੀਆਂ ਕਹੀਆਂ,
ਕਿਰਪਾ ਕਰੋ ਕਹੋ ਕੁਝ ਮੁਖ ਤੇ ਸਿਰ ਮੇਰੇ ਦੇ ਸਾਈਆਂ।
ਗੁਰ ਗੋਬਿੰਦ ਸਿੰਘ ਜੀ ਕਿਹਾ ਹੱਸਕੇ, ਪ੍ਰੀਤਵਾਨ ਹੇ ਮੇਰੇ!
ਉਹੀ ਹਾਂ ਜਿਸ ਦੀ ਆਰਾਧਨ ਰਹੀ ਏ ਮਨ ਵਿਚ ਤੇਰੇ।
ਗੁਪਤ ਰੂਪ 'ਚ ਵਿਚਰਨਾਂ, ਸਮਝੋ ਭੇਤ ਭਰੀ ਇਹ ਗੱਲ ਹੈ,
ਪਰਗਟ ਕਰਨ ਦੀ ਲੋੜ ਨਾ ਹਾਲੇ ਸਾਡਾ ਹੁਕਮ ਅਟੱਲ ਹੈ।
ਪੰਥ ਹਿਤਾਂ ਤੇ ਸੇਵਕਾਂ ਖਾਤਰ ਹੋਕੇ ਗੁਪਤ ਹਾਂ ਵਿਚਰੇ,
ਜਦ ਤਕ ਹੁਕਮ ਪੂਰੋਂ ਸੀ ਸਾਨੂੰ ਗੁਪਤ ਸੀ ਰਹਿਣਾ ਤਿਚਰੇ।
ਪਿਛਲੇ ਵਾਕ ਅਤੇ ਪਰਤਿਗਿਆ ਆਉ ਪੂਰੀ ਕਰੀਏ,
ਗੁਰ ਮੰਤਰ ਗੁਰਿਆਈ ਦੇਕੇ ਛਤਰ ਤੁਸਾਂ ਸਿਰ ਧਰੀਏ।
ਕਹਿ ਦੇਣੀ ਚਾਹੁੰਦੇ ਹਾਂ ਇਹ ਗੱਲ ਪੂਰੀ ਧਿਆਨ ਦੁਆਕੇ,
ਗੁਰ-ਮੰਤਰ ਗੁਰਿਆਈ ਤੁਸਾਂ ਤੋਂ ਲਵਾਂਗੇ ਛੇਤੀ ਆਕੇ।
ਭੈਣੀ ਸਾਹਿਬ ਜ਼ਿਲੇ ਲੁਧਿਆਣੇ ਅੰਦਰ ਪਰਗਟ ਹੋਕੇ,
ਜੱਸਾ ਸਿੰਘ ਘਰ ਰੌਣਕਾਂ ਹੋਵਣ ਸਭੀ ਹਨੇਰਾ ਰੋਕੇ।
ਉਸ ਚੋਲੇ ਵਿਚ ਨਾਮ ਅਸਾਡਾ ਰਾਮ ਸਿੰਘ ਹੈ ਹੋਣਾ,
ਜਿਸ ਧਰਤੀ ਤੇ ਧਰਮ ਚਲਾਕੇ ਸਭ ਪਾਪਾਂ ਨੂੰ ਧੋਣਾ।
ਫੇਰ ਇਮਾਨਤ ਆਪ ਜੀ ਪਾਸੋਂ ਲਵਾਂਗੇ ਦਰਸ਼ਨ ਕਰਕੇ,
ਸਾਂਭ ਰੱਖੋ ਉਤਨਾਂ ਚਿਰ ਇਸਨੂੰ ਕਰੋ ਸੰਭਾਲ ਦਿਲ ਧਰਕੇ।
ਇਹ ਕਹਿ ਕੇ ਗੁਰਮੰਤਰ ਦਿੱਤਾ ਗੁਰ ਬਾਲਕ ਸਿੰਘ ਤਾਈਂ,
ਆਪਣੇ ਆਸਨ ਉਤੇ ਬਿਠਾਇਆ ਨਾਲ ਸ਼ੌਕ ਤੇ ਚਾਈਂ।
ਪੰਜ ਪੈਸੇ ਧਰ ਅਤੇ ਨਾਰੀਅਲ ਗੁਰਤਾ ਅਰਪਨ ਕੀਤੀ,
ਮੱਥਾ ਟੇਕ ਗੁਰੂ ਗੋਬਿੰਦ ਸਿੰਘ ਨੇ ਫੇਰ ਵਿਦਾਈ ਲੀਤੀ।
ਅਠਾਰਾਂ ਸੌ ਤੇ ਇਕ ਘੱਟ ਸੱਤਰ ਦੀ ਵੈਸਾਖ ਸੁਦੀ ਨੂੰ,
ਦਸਮ ਗੁਰਾਂ ਇਹ ਕੌਤਕ ਕੀਤਾ ਰੱਖਿਆ ਇੰਜ ਖੁਦੀ ਨੂੰ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji Elibrary NamdhariElibrary@gmail.com